# ਅੰਮ੍ਰਿਤ ਕੀਰਤਨ

ੴ

ਅਕਤੂਬਰ 2005





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 10 ◆ ਸਾਲ ਸਤਾਰਵਾਂ ◆ ਅਕਤੂਬਰ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ...**<br>*ਹਰਜਾਪ ਸਿੰਘ ਔਜਲਾ* | 3 |
| **ਰਾਗਾਂ ਦੁਆਰਾ ਸ਼ਕਤੀ ਦਾ ਸੰਚਾਰ**<br>*ਪ੍ਰੋ. ਤਰਲੋਚਨ ਸਿੰਘ* | 6 |
| **ਸੰਤ ਅਤੇ ਸੰਗੀਤਕਾਰ ਗਿਆਨੀ ਤੇਜਾ ਸਿੰਘ ਜੀ**<br>*ਕਮਲੇਸ਼ ਇੰਦਰ ਸਿੰਘ (ਸ਼ਰਮਾ)* | 8 |
| **ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ**<br>*ਡਾ. ਰਣਜੀਤ ਸਿੰਘ* | 10 |
| **ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ...**<br>*ਕਰਨੈਲ ਸਿੰਘ* | 11 |
| **ਪੁਸਤਕ ਰੀਵਿਊ**<br>*ਪ੍ਰੋ. ਨਵਸੰਗੀਤ ਸਿੰਘ* | 13 |
| **My Guru, My Most Intimate Friend**<br>*Bhagwant Singh Dilawari* | 15 |
| **Enjoy The Ecstasy and Calmness...**<br>*Shuchita Mehta and Ankit Bishnoi* | 20 |
| **ਸੁਰ ਲਿਪੀ**<br>*ਡਾ. ਜਾਗੀਰ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 22 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

## ਕਰਉ ਬੇਨੰਤੀਆ

### ਅਚਿੰਤੇ ਬਾਜ ਪਏ

ਮੈਨੂੰ ਦਿੱਲੀ ਤੋਂ ਰਵਿੰਦਰ ਸਿੰਘ ਆਹੂਜਾ ਦਾ ਫੋਨ ਆਇਆ। ਉਹਨਾਂ ਖਬਰ ਦਿੱਤੀ ਕਿ ਭੋਪਾਲ ਵਿਖੇ ਰਹਿੰਦੇ ਗੁਰਮੁਖ ਪਰਿਵਾਰ ਸ. ਹਰਬੰਸ ਸਿੰਘ ਉਬਵੇਜਾ ਜੀ ਨਾਲ ਅਸਹਿ ਭਾਣਾ ਵਾਪਰ ਗਿਆ ਹੈ। ਉਹਨਾਂ ਦੇ ਹੋਣਹਾਰ ਸਪੁੱਤਰ ਡਾ. ਜਸਪਾਲ ਸਿੰਘ ਅਤੇ ਉਹਨਾਂ ਦੀ ਨੂੰਹ ਡਾ. ਨੀਲੂ ਉਬਵੇਜਾ ਇਕ ਹਾਦਸੇ ਵਿਚ ਅਕਾਲ-ਚਲਾਣਾ ਕਰ ਗਏ ਹਨ। ਮੇਰੇ ਮੂੰਹ ਵਿਚੋਂ ਫਰੀਦ ਜੀ ਦਾ ਸਲੋਕ ਨਿਕਲਿਆਃ-

*ਫਰੀਦਾ ਦਰਿਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥*
*ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥*
*ਬਾਜ ਪਏ ਤਿਸ ਰਬ ਦੇ ਕੇਲਾਂ ਵਿਸਰੀਆ॥*
*ਜੋ ਮਨਿ ਚਿਤਿ ਨ ਚੇਤੇ ਸਨ ਸੋ ਗਾਲੀ ਰਬ ਕੀਆ॥*

ਕੁਝ ਸਾਲ ਪਹਿਲਾਂ ਜਦੋਂ ਭੁਪਾਲ ਕੀਰਤਨ ਕਰਨ ਲਈ ਗਏ ਸਾਂ ਤਾਂ ਨੀਲੂ ਜੀ ਖਿੜੇ ਮੱਥੇ ਸਾਡੇ ਰਾਗੀ ਜੱਥੇ ਦੀ ਸੇਵਾ ਕਰਦੇ ਸਨ। ਉਹਨਾਂ ਦੇ ਮਿੱਠੇ ਮਿੱਠੇ ਬੋਲ ਅਤੇ ਹੱਸੂ ਹੱਸੂ ਕਰਦਾ ਚਿਹਰਾ ਹੁਣ ਵੀ ਅੱਖਾਂ ਸਾਹਮਣੇ ਆ ਰਿਹਾ ਹੈ। ਡਾ. ਜਸਪਾਲ ਸਿੰਘ ਆਪਣੇ ਪਿਤਾ ਜੀ ਵਾਂਗ ਬਹੁਤ ਨਿਮਰ ਸੁਭਾਅ ਅਤੇ ਮਿੱਠ ਬੋਲੜੀ ਸ਼ਖਸੀਅਤ ਦੇ ਮਾਲਕ ਸਨ। ਯਕੀਨ ਨਹੀਂ ਆਉਂਦਾ ਕਿ ਇਹ ਪਿਆਰੀਆਂ ਜਿੰਦੜੀਆਂ ਹੁਣ ਨਹੀਂ ਮਿਲਣਗੀਆਂ। ਇਹ ਜਿੱਥੇ ਪਰਿਵਾਰ ਲਈ ਨਾਂ ਪੂਰਾ ਹੋਣ ਵਾਲਾ ਘਾਟਾ ਹੈ ਉੱਥੇ ਭੁਪਾਲ ਲੋਕ ਵੀ ਇਕ ਕਾਬਲ ਡਾਕਟਰ ਜੋੜੀ ਤੋਂ ਵਾਂਝੇ ਹੋ ਗਏ ਹਨ।

*ਭਾਈ ਰੇ ਇਉਂ ਸਿਰਿ ਜਾਣਹੁ ਕਾਲੁ॥*
*ਜਿਉਂ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥*

-----------------------------------

*ਦਿਨ ਤੇ ਪਹਿਰ ਪਹਿਰ ਤੇ ਘੜੀਆਂ ਆਵ ਘਟੈ ਤਨ ਛੀਜੈ॥*
*ਕਾਲ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥*

ਅਜੋਕੇ ਸਮੇਂ ਤਾਂ ਸੜਕਾਂ ਤੇ ਟ੍ਰੈਫਿਕ ਰੂਪੀ ਕਾਲ ਫਿਰ ਰਿਹਾ ਜਾਪਦਾ ਹੈ। ਪਤਾ ਨਹੀਂ ਇਹ ਵਰਤਾਰਾ ਵੀ ਹੋਣੀ ਦੇ ਅੰਤਰਗਤ ਆਉਂਦਾ ਹੈ ਜਾਂ ਇਸ ਨੂੰ ਮਨੁੱਖ ਦੀ ਮੂਰਖਤਾ ਕਹਿ ਲਈਏ। ਕਹਿੰਦੇ ਹਨ ਟ੍ਰੈਫਿਕ ਹਾਦਸਿਆਂ ਵਿੱਚ ਹੁਣ ਤੱਕ ਦੀਆਂ ਸੰਸਾਰ-ਜੰਗਾਂ ਨਾਲੋਂ ਵੀ ਵਧੇਰੇ ਆਦਮੀ ਮਾਰੇ ਗਏ ਹਨ। ਇਹ ਤਾਂ ਅਨਹੋਣੀ ਲੱਗਦੀ ਹੈ। ਇਸ ਕਰਕੇ ਹੀ ਕਈ ਵਾਰ ਗੁਰੂ ਤੇਗ ਬਹਾਦੁਰ ਜੀ ਦੇ ਕਥਨ ਨਿਵੇਕਲੇ ਅਰਥ ਦਿੰਦੇ ਜਾਪਦੇ ਹਨਃ-

*ਚਿੰਤਾ ਤਾਕੀ ਕੀਜੀਐ ਜੋ ਅਨਹੋਣੀ ਹੋਇ॥*

ਇਹ ਸਧਾਰਨ ਮੌਤਾਂ ਨਹੀਂ ਹਨ ਇਹ ਅਨਹੋਣੀਆਂ ਹਨ ਇਹਨਾਂ ਦੀ ਚਿੰਤਾ ਤਾਂ ਕਰਨੀ ਚਾਹੀਦੀ ਹੈ।
ਕੁਝ ਅਜਿਹੇ ਜਤਨ ਕਰੀਏ ਕਿ ਇਹ ਅਨਹੋਣੀਆਂ ਘੱਟ ਜਾਣ।

ਨਿਸ਼ਚੇ ਹੀ ਉਬਵੇਜਾ ਪਰਿਵਾਰ ਲਈ ਇਹ ਅਸਹਿ ਦੁਖ ਦੀ ਘੜੀ ਹੈ। ਛੋਟੇ ਛੋਟੇ ਬੱਚੇ ਉਹਨਾਂ ਕੋਲ ਹਨ। ਅਸੀਂ ਵਾਹਿਗੁਰੂ ਅੱਗੇ ਅਰਦਾਸ ਹੀ ਕਰ ਸਕਦੇ ਹਾਂ ਕਿ ਇਹ ਕਠਿਨ ਭਾਣਾ ਮੰਨਣ ਦਾ ਬਲ ਬਖਸ਼ੇ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਗੁਰਮਤਿ ਸੰਗੀਤ

ਹਰਜਾਪ ਸਿੰਘ ਔਜਲਾ : 16, Junction Pond Lane, Monmouth Junction, NJ 08852, USA

ਇਸ ਵਕਤ ਦੇ ਸਿੱਖ ਜਗਤ ਦੇ ਪ੍ਰਮੁੱਖ ਭਾਰਤੀ ਸ਼ਾਸਤਰੀ ਸੰਗੀਤ ਦੇ ਮਾਹਿਰ ਦਿੱਲੀ ਨਿਵਾਸੀ ਤੇਜਪਾਲ ਸਿੰਘ ਸੁਰਿੰਦਰ ਸਿੰਘ ਹਨ। ਗੁਰਸਿੱਖ ਹੋਣ ਦੇ ਨਾਤੇ ਉਨ੍ਹਾਂ ਵਿਚ ਗੁਰਮਤਿ ਸੰਗੀਤ ਦਾ ਲਗਾਓ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਉਨ੍ਹਾਂ ਦੀ ਦਿਲੀ ਤਮੰਨਾ ਹੈ ਕਿ ਗੁਰੂ ਘਰਾਂ ਵਿਚ, ਖਾਸ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ, ਗੁਰਮਤਿ ਸੰਗੀਤ ਦਾ ਗਾਇਨ ਗੁਰੂ ਸਾਹਿਬਾਨ ਦੇ ਹੁਕਮਾਂ ਅਨੁਸਾਰ ਹੀ ਹੋਵੇ।

ਜੂਨ 1984 ਤੋਂ ਪਹਿਲਾਂ ਕਿਸੇ ਕਿਸੇ ਸਿੱਖ ਨੂੰ ਹੀ ਪਤਾ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਕਰਦੇ ਹਜ਼ੂਰੀ ਰਾਗੀ ਸਿੰਘਾਂ ਦਾ ਗੁਰਮਤਿ ਸੰਗੀਤ ਦਾ ਮਿਆਰ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਪਰ ਜਦੋਂ ਆਕਾਸ਼ਵਾਣੀ ਜਲੰਧਰ ਨੇ ਸ੍ਰੀ ਦਰਬਾਰ ਸਾਹਿਬ ਤੋਂ ਆਸਾ ਦੀ ਵਾਰ ਅਤੇ ਸ਼ਾਮ ਸਮੇਂ ਦੀਆਂ ਕੀਰਤਨ ਦੀਆਂ ਚੌਕੀਆਂ ਦਾ ਸਿੱਧਾ ਪ੍ਰਸਾਰਨ ਸ਼ੁਰੂ ਕੀਤਾ ਤਾਂ ਇਹ ਤੱਥ ਜੱਗ ਜ਼ਾਹਿਰ ਹੋ ਗਿਆ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਗੁਰਮਤਿ ਸੰਗੀਤ ਦਾ ਉਹ ਪੱਧਰ ਨਹੀਂ ਜੋ ਤਸੱਵੁਰ ਕੀਤਾ ਜਾਂਦਾ ਸੀ।

ਅੱਜ ਕੱਲ ਈ.ਟੀ.ਸੀ. ਚੈਨਲ ( ETC CHANNEL) ਅਤੇ ਜ਼ੀ ਅਲਫ਼ਾ ਪੰਜਾਬੀ ( Z-ALPHA PUNJABI) ਤੋਂ ਕਈ ਘੰਟਿਆਂ ਵਾਸਤੇ ਸ੍ਰੀ ਦਰਬਾਰ ਸਾਹਿਬ ਵਿਖੇ ਹੋ ਰਿਹਾ ਸ਼ਬਦ ਕੀਰਤਨ ਟੈਲੀਵੀਜ਼ਨ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਹ ਪ੍ਰਸਾਰਣ ਏਸ਼ੀਆ, ਯੂਰਪ, ਅਫਰੀਕਾ ਅਤੇ ਉੱਤਰੀ ਅਮਰੀਕਾ ਵਿਚ ਉਪਲਬਧ ਹੈ। ਇਸ ਨਾਲ ਸਾਰੇ ਆਲਮ ਨੂੰ ਪਤਾ ਲੱਗ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਦਾ ਉਹ ਉੱਚਾ ਮਿਆਰ ਬਰਕਰਾਰ ਨਹੀਂ ਜਿਸਦੀ ਲੋਕ ਆਸ ਕਰਦੇ ਹਨ। ਸਿੰਘ ਬੰਧੂਆਂ (ਤੇਜਪਾਲ ਸਿੰਘ, ਸੁਰਿੰਦਰ ਸਿੰਘ) ਦੀ ਜੋੜੀ ਵੀ ਸ੍ਰੀ ਦਰਬਾਰ ਸਾਹਿਬ ਤੋਂ ਸਿੱਧਾ ਪ੍ਰਸਾਰਣ ਸੁਣਦੀ ਹੈ। ਇਕ ਦਿਨ ਔਖੇ ਹੋ ਕੇ ਸਰਦਾਰ ਸੁਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਅਧਿਕਾਰੀਆਂ ਨੂੰ ਇਕ ਖੱਤ ਲਿਖਿਆ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਮੁਸਲਸਲ ਤੌਰ ਤੇ ਗੁਰਮਤਿ ਸੰਗੀਤ ਦੇ ਨਿੱਘਰਦੇ ਮਿਆਰ ਸੰਬੰਧੀ ਰੰਜਸ਼ ਪ੍ਰਗਟਾਈ। ਅਜਿਹਾ ਸਰਦਾਰ ਸੁਰਿੰਦਰ ਸਿੰਘ ਨੇ ਕਿਉਂ ਕੀਤਾ, ਇਸਦੀ ਚਰਚਾ ਇਸ ਮੁਰਾਸਿਲੇ ਵਿਚ ਕਰ ਰਿਹਾ ਹਾਂ।

ਆਪ ਜੀ ਨੂੰ ਪਤਾ ਹੀ ਹੈ ਕਿ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਬਣਵਾਇਆ, ਉਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਥਾਪਿਤ ਕੀਤਾ ਅਤੇ ਸਰੋਵਰ ਦੇ ਦੁਆਲੇ ਸ੍ਰੀ ਅੰਮ੍ਰਿਤਸਰ ਦੀ ਨਗਰੀ ਵਸਾਈ। ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦਾ ਇਲਾਹੀ ਮਿਸ਼ਰਣ ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾ ਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਸ਼ੋਭਿਤ ਕੀਤਾ। ਪੰਚਮ ਪਿਤਾ ਨੇ ਇਹ ਯਕੀਨੀ ਬਣਵਾਇਆ ਕਿ ਸਾਰੀ ਬਾਣੀ ਚੰਦ ਇਕ ਉਚਿਤ ਰਾਗਾਂ ਵਿਚ ਤਕਸੀਮ ਕੀਤੀ ਜਾਵੇ ਅਤੇ ਕੋਸ਼ਿਸ਼ ਇਹ ਹੋਵੇ ਕਿ ਹਰ ਇਕ ਸ਼ਬਦ ਨਿਰਧਾਰਤ ਰਾਗ ਵਿਚ ਹੀ ਗਾਇਨ ਕੀਤਾ ਜਾਵੇ। ਇਹ ਜ਼ਾਬਤਾ ਪੰਚਮ ਪਿਤਾ ਦੇ ਸਮੇਂ ਤੋਂ ਹੀ ਲਾਗੂ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਬਦ ਗਾਇਨ ਗੁਰਮਤਿ ਸੰਗੀਤ ਦੇ ਵਿਆਕਰਣ ਵਿਚ ਪਾਬੰਦ ਰਹਿ ਕੇ ਹੀ ਕੀਤਾ ਜਾਂਦਾ ਸੀ। ਉਸ ਸਮੇਂ ਅਧਿਕਾਂਸ਼ ਤੌਰ ਤੇ ਕੀਰਤਨ ਦੀ ਸੇਵਾ ਰਬਾਬੀ ਪਰੰਪਰਾ ਵਾਲੇ ਹੀ ਕਰਿਆ ਕਰਦੇ ਸਨ, ਜੋ ਨਾਓਂ ਅਨੁਸਾਰ ਮੁਸਲਮਾਨ ਸਨ, ਪਰ ਕੀਰਤਨ ਗੁਰੂ ਦੀ ਬਾਣੀ ਦਾ ਕਰਦੇ ਸਨ। ਉਹ ਰਾਗ ਵਿੱਦਿਆ ਦੇ ਧਨੀ ਸਨ ਅਤੇ ਉਨ੍ਹਾਂ ਦੀ ਅਦਾਇਗੀ ਪੁਰਅਸਰ ਸੀ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਸਿੱਖਾਂ ਦੀਆਂ 12 ਮਿਸਲਾਂ ਆਪਸ ਵਿਚ ਅਤੇ ਬੇਰੂਨੀ ਦੁਸ਼ਮਣਾਂ ਨਾਲ ਲੜਦੀਆਂ ਰਹੀਆਂ। ਬਾਅਦ ਵਿਚ ਸਨ 1801 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਾਮਰਾਜ ਸਥਾਪਿਤ ਕੀਤਾ ਜਿਸ ਵਿਚ ਬਹੁਤਾ ਮਿਸਲਾਂ ਦਾ ਇਲਾਕਾ ਸ਼ਾਮਿਲ ਸੀ। ਆਪ ਜੀ ਨੂੰ ਪਤਾ ਹੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਬਹੁਤ ਸੇਵਾ ਕਰਵਾਈ। ਮਹਾਰਾਜਾ ਨੇ ਪਰਕਰਮਾ ਵਿਚ ਸੰਗਮਰਮਰ ਦੀ

ਸੇਵਾ ਕਰਵਾਈ ਅਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅਤੇ ਬਾਹਰ ਸੋਨੇ ਤੇ ਪਤਰੇ ਚੜ੍ਹਾਉਣ ਦੀ ਸੇਵਾ ਕਰਵਾਈ। 24 ਘੰਟਿਆਂ ਵਿਚੋਂ ਤਕਰੀਬਨ 20 ਘੰਟਿਆਂ ਤੱਕ ਲਗਾਤਾਰ ਸ਼ਬਦ ਕੀਰਤਨ ਵਿਧੀਬੱਧ ਤਰੀਕੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਕਾਰਜਕਾਲ ਵਿਚ ਹੀ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਲਗਾਤਾਰ ਕੀਰਤਨ ਦੀ ਪ੍ਰਕਿਰਿਆ ਵਿਚ ਅਨੇਕਾਂ ਵਾਰ ਵਿਘਨ ਪਏ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਸ਼ਬਦ ਕੀਰਤਨ ਮੁੱਖ ਤੌਰ ਤੇ ਨਿਰਧਾਰਤ ਰਾਗਾਂ ਵਿਚ ਹੀ ਅਨਜਾਮ ਦਿੱਤਾ ਜਾਂਦਾ ਸੀ। ਕਈ ਵਾਰੀ ਗੁਰੂ ਦੇ ਸ਼ਬਦ ਦੇ ਬਹਿਰ ਜਾਂ ਪਿੰਗਲ ਦੇ ਮੁਤਾਬਿਕ ਕੋਈ ਹੋਰ ਢੁਕਵਾਂ ਤਾਲ ਅਤੇ ਰਾਗ ਕੀਰਤਨ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ। ਗੁਰਦੁਆਰਿਆਂ ਦਾ ਪ੍ਰਬੰਧ ਮਹੰਤ ਕਰਿਆ ਕਰਦੇ ਸਨ। ਮਹੰਤਾਂ ਵਿਚ ਹੋਰ ਸੌ ਆਗੁਣ ਹੋਣਗੇ, ਪਰ ਉਹ ਨਿਰਧਾਰਤ ਰਾਗਾਂ ਦੀ ਪਰੰਪਰਾ ਜਾਂ ਗੁਰਮਤਿ ਸੰਗੀਤ ਦੀ ਪਰੰਪਰਾ ਨਾਲ ਖਿਲਵਾੜ ਕਦੀ ਨਹੀਂ ਸਨ ਕਰਦੇ। ਉਸ ਸਮੇਂ ਦੇ ਪ੍ਰਬੰਧਕ ਗੁਰਮਤਿ ਸੰਗੀਤ ਤੋਂ ਚੰਗੀ ਤਰ੍ਹਾਂ ਜਾਣੂ ਸਨ।

1925 ਵਿਚ ਲੰਮੇ ਸੰਘਰਸ਼ ਤੋਂ ਬਾਅਦ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਖੁਸ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੂਦ ਵਿਚ ਆਈ। ਉਨ੍ਹਾਂ ਦਿਨਾਂ ਵਿਚ ਗੁਰਮਤਿ ਸੰਗੀਤ ਦੇ ਦੋ ਹੀ ਪ੍ਰਮੁੱਖ ਕੇਂਦਰ ਸਨ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ। ਇਨਾਂ ਦੋਹਾਂ ਗੁਰੂਘਰਾਂ ਵਿਚ ਉੱਚ ਕੋਟੀ ਦੇ ਕੀਰਤਨੀਏ ਸੇਵਾ ਕਰਦੇ ਸਨ। ਬਹੁਤੇ ਕੀਰਤਨੀਏ ਰਬਾਬੀ ਸਨ, ਇਨ੍ਹਾਂ ਵਿਚੋਂ ਕਈ ਸਿੰਘ ਸਜ ਗਏ, ਪਰ ਕਈ ਆਪਣੇ ਇਸਲਾਮਿਕ ਬਾਣੇ ਵਿਚ ਹੀ ਰਹੇ।

1947 ਵਿਚ ਪਾਕਿਸਤਾਨ ਬਣ ਗਿਆ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਾਡੇ ਕੋਲੋਂ ਖੁਸ ਗਿਆ। ਕਈ ਰਬਾਬੀ ਕੀਰਤਨੀਏ ਪਾਕਿਸਤਾਨ ਵਿਚ ਰਹਿ ਗਏ। ਜਿਹੜੇ ਸਿੰਘ ਸਜ ਗਏ ਸਨ, ਉਹ ਲੜਦੇ ਭਿੜਦੇ ਆ ਗਏ। 1947 ਤੋਂ ਪਹਿਲਾਂ ਦੇ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਗੁਰਮਤਿ ਸੰਗੀਤ ਤੋਂ ਭਲੀਭਾਂਤ ਗਿਆਤਾ ਸਨ। ਉਹ ਸ਼ਬਦ ਕੀਰਤਨ ਦਾ ਮਿਆਰ ਡਿੱਗਣ ਨਹੀਂ ਸਨ ਦੇਂਦੇ। ਉਹ ਰਾਗੀ ਸਿੰਘਾਂ ਉੱਪਰ ਸਖਤੀ ਕਰਦੇ ਸਨ, ਰਾਗ ਵਿੱਦਿਆ ਗ੍ਰਹਿਣ ਕਰਨ ਵਾਸਤੇ ਉਨ੍ਹਾਂ ਨੂੰ ਮਜਬੂਰ ਕਰਦੇ ਸਨ। ਖੁਦ ਤਹੱਮਲ ਨਾਲ ਸੁਣਦੇ ਵੀ ਸਨ।

1947 ਤੋਂ ਬਾਅਦ ਭਾਈ ਚਾਂਦ ਰਬਾਬੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਕਰਨ ਤੋਂ ਮਨਾਹੀ ਕਰ ਦਿੱਤੀ ਗਈ। ਭਾਈ ਚਾਂਦ ਨੂੰ ਪਾਕਿਸਤਾਨ ਜਾਣਾ ਪਿਆ। ਉੱਥੇ ਵੀ ਮੁਸਲਮਾਨ ਭਾਈ ਚਾਂਦ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਦੇ ਸਨ, ਆਖਿਰ ਭਾਈ ਚਾਂਦ ਦਾ ਅਤਿ ਗਰੀਬੀ ਵਿਚ ਦੇਹਾਂਤ ਹੋਇਆ।

ਭਾਈ ਸੰਤਾ ਸਿੰਘ ਜੋ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਮੁੱਖ ਰਾਗੀ ਸਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਲੰਮੀ ਸੇਵਾ ਛੱਡ ਕੇ ਦਿੱਲੀ ਚਲੇ ਗਏ। ਭਾਈ ਸਮੁੰਦ ਸਿੰਘ ਜੋ ਉਸ ਸਮੇਂ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਮੁੱਖ ਰਾਗੀ ਸਨ, ਉਹ ਵੀ ਸ੍ਰੀ ਦਰਬਾਰ ਸਾਹਿਬ ਬਹੁਤ ਥੋਹੜਾ ਸਮਾਂ ਹੀ ਟਿਕੇ ਅਤੇ ਛੱਡ ਕੇ ਲੁਧਿਆਣੇ ਚਲੇ ਗਏ। ਪਰ ਫਿਰ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਬਦ ਗਾਇਨ ਦਾ ਮਿਆਰ ਉੱਚਾ ਬਰਕਰਾਰ ਰਿਹਾ।

ਪਰ ਇਸ ਤੋਂ ਬਾਅਦ ਪੁਰਾਣੇ ਵਿਦਵਾਨ ਰਾਗੀ ਸਿੰਘ ਹੌਲੀ ਹੌਲੀ ਸੇਵਾ ਮੁਕਤ ਹੁੰਦੇ ਗਏ ਅਤੇ ਨਵਿਆਂ ਦਾ ਮਿਆਰ ਡਿੱਗਦਾ ਰਿਹਾ। ਪਰ ਕਿਸੇ ਵੀ ਪ੍ਰਬੰਧਕ ਨੂੰ ਇਸਦੀ ਕੋਈ ਚਿੰਤਾ ਨਹੀਂ ਹੋਈ।

ਅੱਜ ਹਾਲ ਇਹ ਹੈ ਕਿ ਸਿਵਾਏ ਚਾਰ ਜਾਂ ਪੰਜ ਜੱਥਿਆਂ ਦੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾ ਰਹੇ ਕਿਸੇ ਵੀ ਹੋਰ ਜੱਥੇ ਕੋਲ ਇੱਥੇ ਸੇਵਾ ਕਰਨ ਦੀ ਯੋਗਤਾ ਨਹੀਂ ਹੈ। ਕੁਝ ਨਵੇਂ ਰਾਗੀ ਮਿਹਨਤ ਖੂਬ ਕਰ ਰਹੇ ਹਨ, ਪਰ ਉਨ੍ਹਾਂ ਅਜੇ ਬੜਾ ਕੁਝ ਸਿੱਖਣਾ ਹੈ। ਪੁਰਾਣੇ ਰਾਗੀ ਸਿੰਘਾਂ ਦਾ ਕੋਈ ਮੁਕਾਬਲਾ ਨਹੀਂ। ਇਨ੍ਹਾਂ ਵਿਚੋਂ ਭਾਈ ਬਲਬੀਰ ਸਿੰਘ ਸਭ ਤੋਂ ਸਿਆਣੇ ਗੁਰਮਤਿ ਸੰਗੀਤ ਦੇ ਗਿਆਤਾ ਰਾਗੀ ਸਿੰਘ ਹਨ। ਉਨ੍ਹਾਂ ਦੀ ਉਮਰ ਭਾਵੇਂ ਕਾਫੀ ਹੈ ਪਰ ਉਹ ਅਜੇ ਵੀ ਨੌਜਵਾਨ ਰਾਗੀਆਂ ਨਾਲੋਂ ਬੇਹਤਰੀਨ ਕੀਰਤਨ ਕਰਦੇ ਹਨ।

ਪਿਛਲੇ ਚਾਰ ਦਹਾਕਿਆਂ ਤੋਂ ਸ੍ਰੀ ਦਰਬਾਰ ਸਾਹਿਬ ਵਿਖੇ ਗੁਰਮਤਿ ਸੰਗੀਤ ਦੀ ਪਰੰਪਰਾ ਦੀ ਘੋਰ ਕੁਤਾਹੀ ਕੀਤੀ ਜਾ ਰਹੀ ਹੈ। ਇਸ ਖਾਮੀ ਨੂੰ ਠੀਕ ਕਰਨ ਦਾ ਇਕ ਹੀ ਤਰੀਕਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਵਾਸਤੇ ਰਾਗੀ ਸਿੰਘਾਂ ਦੀ ਚੋਣ ਕਰਨ ਲਈ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਚੋਣਕਾਰਾਂ ਦੀ ਕਮੇਟੀ ਵਿਚ ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਡਾਕਟਰ ਜਾਗੀਰ ਸਿੰਘ, ਡਾਕਟਰ ਅਜੀਤ ਸਿੰਘ ਪੈਂਤਲ,

ਡਾਕਟਰ ਗੁਰਨਾਮ ਸਿੰਘ ਅਤੇ ਭਾਈ ਗੁਰਮੀਤ ਸਿੰਘ ਸ਼ਾਂਤ ਜਹੇ ਉੱਚ ਕੋਟੀ ਦੇ ਵਿਦਵਾਨ ਮੈਂਬਰ ਹੋਣੇ ਚਾਹੀਦੇ ਹਨ। ਕੀਰਤਨ ਦੀਆਂ ਸੇਵਾਵਾਂ ਨਿਰਧਾਰਿਤ ਕਰਨ ਵਾਲਾ ਵੀ ਭਾਈ ਨਰਿੰਦਰ ਸਿੰਘ ਬਨਾਰਸੀ ਰਾਗੀ ਜਿਹਾ ਕੋਈ ਵਿਦਵਾਨ ਪ੍ਰਬੰਧਕ ਹੋਣਾ ਚਾਹੀਦਾ ਹੈ। ਰਾਗੀਆਂ ਨੂੰ ਸੁਣਨ ਵਾਸਤੇ ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਹਰਜੀਤ ਸਿੰਘ, ਗੁਰਦੀਪ ਸਿੰਘ (ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ) ਆਦਿ ਦੀਆਂ ਰਿਕਾਰਡਿੰਗਜ਼ ਦੇਣੀਆਂ ਚਾਹੀਦੀਆਂ ਹਨ। ਮੇਰੀ ਜ਼ਾਤੀ ਲਾਇਬ੍ਰੇਰੀ ਵਿਚ ਬਹੁਤ ਉਹ ਪਾਏ ਦਾ ਗੁਰਮਤਿ ਸੰਗੀਤ ਹੈ, ਜੋ ਮੈਂ ਉਪਲਬਧ ਕਰਵਾ ਸਕਦਾ ਹਾਂ, ਬਸ਼ਰਤੇਂ ਕਿ ਇਸਦੀ ਮੰਗ ਕੀਤੀ ਜਾਵੇ। ਗੁਰੂ ਭਲਾ ਕਰੇ; ਸਾਡੇ ਪ੍ਰਬੰਧਕਾਂ ਨੂੰ ਸੁਮੱਤ ਬਖਸ਼ੇ। ਅਸੀਂ ਪਰਦੇਸਾਂ ਵਿਚ ਉਤਸੁਕਤਾ ਨਾਲ ਇਸਦੀ ਉਡੀਕ ਕਰਾਂਗੇ।

# ਰਾਗਾਂ ਦੁਆਰਾ ਸ਼ਕਤੀ ਦਾ ਸੰਚਾਰ

ਪ੍ਰੋ. ਤਰਲੋਚਨ ਸਿੰਘ : ਪਤ੍ਰਿਕਾ 'ਗੁਰਮਤਿ ਪ੍ਰਕਾਸ਼' 'ਚੋਂ ਧੰਨਵਾਦ ਸਹਿਤ

ਜੀਵ-ਜੰਤੂਆਂ ਅਤੇ ਮਨੁੱਖਾਂ ਦੇ ਜਿਸਮ ਵਿਚ ਰਚਿਆ ਪ੍ਰੇਮ ਰਸ ਇਕ ਅਜਿਹਾ ਰਸ ਹੈ, ਜਿਸ ਸਦਕਾ ਉਨ੍ਹਾਂ ਦੇ ਪੈਰ ਥਿਰਕਣ ਲੱਗਦੇ ਹਨ। ਢੋਲ-ਢਮੱਕਿਆਂ ਦੀ ਆਵਾਜ਼ ਚੰਗੀ ਲੱਗਣ ਲੱਗਦੀ ਹੈ। ਘੁੰਗਰੂਆਂ ਦੀ ਛਣਕਾਹਟ ਅਤੇ ਬੰਸਰੀ ਦੇ ਮਧੁਰ ਸੰਗੀਤ ਦੀ ਮਸਤੀ ਵਿਚ ਉਨ੍ਹਾਂ ਦੀ ਆਤਮਾ ਨੱਚਣ ਲੱਗਦੀ ਹੈ। ਨਵੇਂ ਜੀਵਨ ਨੂੰ ਜਨਮ ਦੇਣ ਦੀ ਚਾਹ ਵੀ ਪ੍ਰੇਮ ਰਸ ਤੋਂ ਹੀ ਉਪਜਦੀ ਹੈ। ਮਨੁੱਖਾਂ ਦਾ ਵੰਨ-ਸੁਵੰਨਾ ਸ਼ਿੰਗਾਰ, ਬਾਰਿਸ਼ ਦੀ ਬੂੰਦਾ-ਬਾਂਦੀ ਦਾ ਚੰਗਾ ਲੱਗਣਾ, ਮੋਰਾਂ ਦਾ ਪੈਲਾਂ ਪਾਉਣਾ, ਕਬੂਤਰਾਂ ਦੀ ਗੁਟਰ-ਗੂੰ, ਹਿਰਨੀਆਂ ਦੀ ਮਸਤ ਚਾਲ, ਚਾਤ੍ਰਿਕ ਦਾ ਮੀਂਹ ਦੀਆਂ ਬੂੰਦਾਂ ਲਈ ਤਰਸਣਾ, ਜੀਵਨ ਦੇ ਪ੍ਰੇਮ ਰਸ ਵਿਚ ਡੁੱਬੇ ਹੋਣ ਦੀਆਂ ਨਿਸ਼ਾਨੀਆਂ ਹਨ। ਜਦੋਂ ਇਸ ਪ੍ਰੇਮ ਰਸ ਵਿਚ ਕੁਦਰਤੀ ਨੂਰ ਸ਼ਾਮਲ ਹੁੰਦਾ ਹੈ ਤਾਂ ਇਹ ਅੰਮ੍ਰਿਤ ਬਣ ਜਾਂਦਾ ਹੈ। ਫਿਰ ਢੋਲ ਢਮੱਕਿਆਂ ਅਤੇ ਘੁੰਗਰੂਆਂ ਦੀ ਛਣਕਾਹਟ ਵਿਚੋਂ ਤੂੰ ਹੀ ਤੂੰ ਦੀ ਧੁਨੀ ਆਉਣ ਲਗਦੀ ਹੈ।

*ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ*
*ਸੁਨਿ ਘਨਿਹਰ ਕੀ ਘੋਰ॥*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*

(ਪੰਨਾ ੧੨੬੫)

*ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ॥*

(ਪੰਨਾ ੧੭੩)

*ਚਾਤ੍ਰਿਕ ਜਲ ਬਿਨੁ ਪ੍ਰਿਉ ਪ੍ਰਿਉ*
*ਟੇਰੈ ਬਿਲਪ ਕਰੈ ਬਿਲਲਾਇ॥* (ਪੰਨਾ ੧੨੭੩)
*ਜਿਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*

(ਪੰਨਾ ੧੬੫)

ਇਸ ਪ੍ਰੇਮ ਰਸ ਵਿਚ ਸ਼ਬਦਾਂ ਦਾ ਵੀ ਅਨੋਖਾ ਮਹੱਤਵ ਹੈ, ਪ੍ਰੇਮ ਰਸ ਵਿਚ ਭਿੱਜੇ ਹੋਏ ਸ਼ਬਦ ਦਿਲੋ-ਦਿਮਾਗ ਦੀਆਂ ਡੂੰਘਾਈਆਂ ਵਿਚ ਉਤਰਦੇ ਹੋਏ ਸਾਰੇ ਸਰੀਰ ਨੂੰ ਝੰਜੋੜ ਦਿੰਦੇ ਹਨ। ਜਿਹੜੇ ਸ਼ਬਦ ਤੁਹਾਨੂੰ ਚੰਗੇ ਲਗਣ, ਪਿਆਰੇ ਲਗਣ, ਮਿੱਠੇ ਲਗਣ:

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥*

(ਪੰਨਾ ੭੮੪)

ਉਨ੍ਹਾਂ ਦੀ ਪੂਜਾ ਕਰਨ ਨੂੰ ਮਨ ਚਾਹੇ ਜਾਂ ਉਹ ਤੁਹਾਡੀ ਜ਼ਿੰਦਗੀ ਨੂੰ ਬਦਲ ਦੇਣ, ਅਜਿਹੇ ਸ਼ਬਦਾਂ ਦੀ ਸਾਊਂਡ ਵਿਚ ਅੰਤਾਂ ਦੀ ਊਰਜਾ ਛੁਪੀ ਹੁੰਦੀ ਹੈਂ ਅਤੇ ਭੌਤਿਕ ਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ 'ਰੈਜ਼ੋਨੈਂਸ' ਕਹਿੰਦੇ ਹਨ। ਰੈਜ਼ੋਨੈਂਸ ਦੁਆਰਾ ਊਰਜਾ ਦਾ ਸੰਚਾਰ ਬੜੀ ਤੀਬਰ ਗਤੀ ਨਾਲ ਹੁੰਦਾ ਹੈ ਅਤੇ ਮਨੁੱਖ ਇਸ ਊਰਜਾ ਨਾਲ ਭਰ ਜਾਂਦਾ ਹੈ। ਇਸ ਬ੍ਰਹਿਮੰਡ ਦੀ ਉਤਪਤੀ ਵੀ ਇਕ ਰੈਜ਼ੋਨੈਂਸ ਸਾਊਂਡ ਤੋਂ ਹੋਈ ਜਿਸ ਨੂੰ ਵਿਗਿਆਨ 'ਬਿਗ-ਬੈਂਗ' ਦਾ ਨਾਂ ਦਿੰਦਾ ਹੈ, ਜਿਸ ਸਦਕਾ ਬ੍ਰਹਿਮੰਡੀ ਊਰਜਾ ਖੁਰਦੀ ਹੋਈ ਗਲੈਕਸੀਆਂ ਦਾ ਰੂਪ ਧਾਰਨ ਕਰਨ ਲੱਗੀ ਅਤੇ ਇਹ ਕਿਰਿਆ ਹੁਣ ਤੱਕ ਵੀ ਜਾਰੀ ਹੈ:

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* (ਪੰਨਾ ੩)

ਸ੍ਰਿਸ਼ਟੀ ਨੂੰ ਬਣਾਉਣ ਵਾਲੀ ਪ੍ਰੇਮ ਰਸ ਵਿਚ ਭਿੱਜੀ ਉਹ ਧੁਨੀ ਹੈ, ਜਿਸ ਨੂੰ ਅਧਿਆਤਮਿਕ ਸਤ੍ਹਾ 'ਤੇ ਅਨਹਦ ਨਾਦ ਨਾਲ ਜਾਣਿਆ ਜਾਂਦਾ ਹੈ ਅਤੇ ਵਿਗਿਆਨਕ ਸਤ੍ਹਾ 'ਤੇ ਬਿਗ-ਬੈਂਗ ਨਾਲ।

ਆਓ, ਸ਼ਬਦ ਦੀ ਤਾਕਤ ਨੂੰ ਵਿਗਿਆਨਕ ਨੁਕਤਾ ਨਿਗਾਹ ਨਾਲ ਦੇਖਣ ਦੀ ਕੋਸ਼ਿਸ਼ ਕਰੀਏ। ਇਸ ਸ੍ਰਿਸ਼ਟੀ ਵਿਚ ਹਰ ਵਸਤੂ ਕੰਪਨ ਵਿਚ ਹੈ ਅਤੇ ਹਰ ਵਸਤੂ ਵਿਚ ਅੱਗੋਂ ਕਈ ਤਰ੍ਹਾਂ ਦੀ ਕੰਪਨ ਹੁੰਦੀ ਹੈ। ਪਦਾਰਥ ਬੇਹੱਦ ਛੋਟੇ ਛੋਟੇ (ਜਿਨ੍ਹਾਂ ਨੂੰ ਮਾਈਕ੍ਰੋਸਕੋਪ ਨਾਲ ਵੀ ਨਹੀਂ ਦੇਖਿਆ ਜਾ ਸਕਦਾ, ਐਟਮਾਂ ਦਾ ਬਣਿਆ ਹੁੰਦਾ ਹੈ। ਐਟਮ ਦੇ ਛੋਟੇ ਹੋਣ ਦਾ ਪ੍ਰਮਾਣ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜੇ ੧,੦੦,੦੦,੦੦੦ ਹਾਈਡ੍ਰੋਜਨ ਐਟਮਾਂ ਨੂੰ ਨਾਲ ਜੋੜ ਕੇ ਰੱਖਿਆ ਜਾਵੇ ਤਾਂ ਇਨ੍ਹਾਂ ਦਾ ਫਾਸਲਾ ਸਿਰਫ ਇਕ ਮਿਲੀਮੀਟਰ ਹੀ ਬਣੇਗਾ। ਇਹ ਛੋਟਾ ਜਿਹਾ ਐਟਮ ਅੱਗੋਂ ਇਲੈਕਟ੍ਰਾਨਾਂ, ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਦਾ ਬਣਿਆ ਹੁੰਦਾ ਹੈ। ਪ੍ਰੋਟਾਨ ਅਤੇ ਨਿਊਟ੍ਰਾਨ ਅੱਗੋਂ ਕੁਆਰਕ ਦੇ ਬਣੇ ਹੁੰਦੇ ਹਨ। ਪਹਿਲਾਂ ਕੁਆਰਕ ਘੁੰਮਣ ਘੇਰੀ, ਫਿਰ ਇਲੈਕਟ੍ਰਾਨ, ਪ੍ਰੋਟਾਨ ਅਤੇ

ਨਿਊਟ੍ਰਾਨ ਘੁੰਮਣਘੇਰੀ ਵਿਚ, ਫਿਰ ਅੱਗੋਂ ਐਟਮ ਘੁੰਮਣਘੇਰੀ ਵਿਚ, ਇਸ ਤਰ੍ਹਾਂ ਪਦਾਰਥ ਅਨੰਤ ਘੁੰਮਣਘੇਰੀਆਂ ਦਾ ਸੁਮੇਲ ਹੈ।

*ਘੁਮਨ ਘੇਰ ਅਗਾਹ ਗਾਖਰੀ*
*ਗੁਰ ਸਬਦੀ ਪਾਰਿ ਉਤਰੀਐ ਰੇ॥* (ਪੰਨਾ ੪੦੪)
*ਘੁਮਨ ਘੇਰਿ ਮਹਾ ਅਤਿ ਬਿਖੜੀ*
*ਗੁਰਮੁਖਿ ਨਾਨਕ ਪਾਰਿ ਉਤਾਰੀ॥* (ਪੰਨਾ ੬੧੬)

ਇਨ੍ਹਾਂ ਸਾਰੀਆਂ ਘੁੰਮਣਘੇਰੀਆਂ ਤੋਂ ਪੈਦਾ ਹੁੰਦੀ ਹੈ, ਇਕ ਕੰਪਨ। ਇਹ ਕੰਪਨ ਹਰ ਇਕ ਪਦਾਰਥ ਦੀ ਅੱਡ ਅੱਡ ਹੁੰਦੀ ਹੈ। ਇਸੇ ਕੰਪਨ ਸਦਕਾ ਉਹ ਇਸ ਬ੍ਰਹਿਮੰਡ ਵਿਚ ਇਕ ਵੱਖਰੀ ਪਹਿਚਾਣ ਰੱਖਦਾ ਹੈ। ਇਸ ਕੰਪਨ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਕ ਕੰਪਨ ਵਿਚ ਸਾਊਂਡ ਸ਼ਬਦਾਂ ਦਾ ਅਤੇ ਮਿਊਜ਼ਕ ਦਾ ਇਕ ਮਹੱਤਵਪੂਰਨ ਰੋਲ ਹੈ, ਇਸ ਦਾ ਪ੍ਰਮਾਣ ਹੈ ਕਿ:

- ਲੋਰੀਆਂ ਸੁਣਾਉਣ ਨਾਲ ਬੱਚੇ ਨੂੰ ਨੀਂਦ ਆ ਜਾਂਦੀ ਹੈ।
- ਯੁੱਧ ਦੇ ਮੈਦਾਨ ਵਿਚ ਫੌਜੀਆਂ ਨੂੰ ਜੋਸ਼ ਲਿਆਉਣ ਲਈ ਧਾਰਮਿਕ ਜੈਕਾਰੇ ਛੱਡੇ ਜਾਂਦੇ ਹਨ। ਇਸ ਜੋਸ਼ ਨਾਲ ਮਰਨਾ ਜਾਂ ਮਾਰਨਾ ਅਸਾਨ ਹੋ ਜਾਂਦਾ ਹੈ।
- ਬੀਰ ਰਸੀ ਗੀਤ ਸੁਣਨ ਨਾਲ ਦੇਸ਼/ਕੌਮ ਲਈ ਕੁਰਬਾਨ ਹੋਣ ਦੀ ਭਾਵਨਾ ਜਾਗ ਉਠਦੀ ਹੈ।
- ਕਿਸੇ ਮੌਤ ਸਮੇਂ ਪੈ ਰਹੇ ਵੈਣ, ਅੱਖਾਂ ਸੇਜਲ ਕਰ ਦਿੰਦੇ ਹਨ।
- ਕਲਾਸੀਕਲ ਰਾਗਾਂ ਉੱਤੇ ਆਧਾਰਿਤ ਹਲਕਾ ਹਲਕਾ ਮਿਊਜ਼ਕ ਦਿਮਾਗੀ ਸ਼ਕਤੀ ਨੂੰ ਵਧਾਉਂਦਾ ਹੈ।
- ਸੰਗੀਤ ਆਪਣਾ ਅਸਰ ਪਸ਼ੂ-ਪੰਛੀਆਂ 'ਤੇ ਵੀ ਦਿਖਾਉਂਦਾ ਹੈ।
- ਮਿਊਜ਼ਿਕ ਦੀ ਪਹਿਚਾਣ ਪੌਦੇ ਵੀ ਕਰਦੇ ਹਨ।
- ਜਦੋਂ ਇਕ ਬੱਚਾ ਜਨਮ ਲੈਂਦਾ ਹੈ ਤਾਂ ਉਸ ਦੀ ਕੰਪਨ ਬਿਲਕੁਲ ਸ਼ੁੱਧ ਹੁੰਦੀ ਹੈ ਤਾਂ ਹੀ ਉਹ ਸਾਰਿਆਂ ਨੂੰ ਚੰਗਾ ਲੱਗਦਾ ਹੈ, ਉਸ ਨੂੰ ਰੱਬ ਰੂਪ ਸਮਝਿਆ ਜਾਂਦਾ ਹੈ:

*ਬਾਲ ਸਖਾਈ ਭਗਤਨ ਕੋ ਮੀਤ॥* (ਪੰਨਾ ੮੬੩)
*ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ*
*ਨਿਰਭਉ ਬਾਲ ਸਖਾਈ ਹੇ॥* (ਪੰਨਾ ੧੦੨੧)

ਪਰ ਜਿਵੇਂ ਜਿਵੇਂ ਉਹ ਵੱਡਾ ਹੁੰਦਾ ਹੈ, ਉਸ ਦੀ ਕੰਪਨ ਵਿਚ ਸ਼ੁੱਧਤਾ ਘਟਣੀ ਅਤੇ ਅਸ਼ੁੱਧਤਾ ਵੱਧਣੀ ਸ਼ੁਰੂ ਹੋ ਜਾਂਦੀ ਹੈ, ਨਤੀਜੇ ਵਜੋਂ ਬਿਮਾਰੀਆਂ ਉਸ ਨੂੰ ਆ ਘੇਰਦੀਆਂ ਹਨ। ਕੰਪਨ ਨੂੰ ਸ਼ੁੱਧ ਕਰਨ ਲਈ ਸਾਊਂਡ, ਸ਼ਬਦ ਜਾਂ ਮਿਊਜ਼ਿਕ ਦੀ ਮੱਦਦ ਲਈ ਜਾ ਸਕਦੀ ਹੈ। ਲੱਚਰ ਗਾਣਿਆਂ ਨਾਲੋਂ ਜੇ ਘਰ ਵਿਚ ਹਲਕਾ-ਫੁਲਕਾ ਮੱਠੀ ਮੱਠੀ ਆਵਾਜ਼ ਵਿਚ ਕਲਾਸੀਕਲ ਸੰਗੀਤ ਵੱਜਦਾ ਰਹੇ ਤਾਂ ਮਨ ਸ਼ਾਂਤ ਹੁੰਦਾ ਹੈ, ਇਹੋ ਆਤਮਾ ਦੀ ਖੁਰਾਕ ਹੈ।

ਸਾਊਂਡ, ਸ਼ਬਦ ਜਾਂ ਮਿਊਜ਼ਿਕ ਦਾ ਪ੍ਰਭਾਵ ਹਜ਼ਾਰਾਂ ਗੁਣਾਂ ਵਧ ਜਾਂਦਾ ਹੈ ਜੇ ਇਹ ਪ੍ਰਭਾਵ ਰੈਜ਼ੋਨੈਂਸ ਦੀ ਸੰਗਤ ਵਿਚ ਹੋਵੇ। ਆਓ, ਹੁਣ ਰੈਜ਼ੋਨੈਂਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਆਮ ਤੌਰ 'ਤੇ ਦੋ ਵਸਤੂਆਂ ਦੀ ਕੰਪਨ ਆਪਸ ਵਿਚ ਰਲਦੀ ਨਹੀਂ ਹੁੰਦੀ, ਪਰ ਜੇ ਇਹ ਰਲ ਜਾਏ ਤਾਂ ਇਕ ਅਜਿਹੀ ਕਿਰਿਆ ਜਨਮ ਲੈਂਦੀ ਹੈ ਜਿਸ ਨਾਲ ਊਰਜਾ ਦਾ ਸੰਚਾਰ ਬੜਾ ਤੀਬਰ ਗਤੀ ਨਾਲ ਹੁੰਦਾ ਹੈ, ਇਸ ਕਿਰਿਆ ਨੂੰ ਰੈਜ਼ੋਨੈਂਸ ਕਹਿੰਦੇ ਹਨ। ਜਿਵੇਂ:

-ਇਕ ਆਮ ਰੋਸ਼ਨੀ ਵਿਚ ਬਹੁਤ ਤਾਕਤ ਨਹੀਂ ਹੁੰਦੀ ਪਰ ਜੇ ਉਸ ਦੇ ਫੋਟਾਨਾਂ ਦੀ ਕੰਪਨ ਆਪਸ ਵਿਚ ਰਲਣ ਲੱਗੇ ਤਾਂ ਇਕ ਆਮ ਰੋਸ਼ਨੀ ਲੇਜ਼ਰ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਲੇਜ਼ਰ ਦੇ ਪ੍ਰਭਾਵ ਤੋਂ ਤੁਸੀਂ ਭਲੀਭਾਂਤ ਵਾਕਿਫ ਹੋ।

-ਬਰਾਡਕਾਸਿਟੰਗ ਸਟੇਸ਼ਨ ਤੋਂ ਹਰ ਵਕਤ ਹਜ਼ਾਰਾਂ ਰੇਡੀਓ ਤਰੰਗਾਂ ਸਾਡੇ ਵਾਯੂਮੰਡਲ ਵਿਚ ਸ਼ਾਮਲ ਹੁੰਦੀਆਂ ਹਨ ਪਰ ਸਾਡਾ ਰੇਡੀਓ ਉਨ੍ਹਾਂ ਵਿਚੋਂ ਕੋਈ ਇਕ ਤਰੰਗ ਨੂੰ ਹੀ ਫੜਦਾ ਹੈ। ਕਿਵੇਂ? ਰੈਜ਼ੋਨੈਂਸ ਦੁਆਰਾ। ਰੇਡੀਓ ਖੁਦ ਪਹਿਲਾਂ ਇਕ ਅਜਿਹੀ ਤਰੰਗ ਬਣਾਉਂਦਾ ਹੈ, ਜਿਸ ਦੀ ਕੰਪਨ ਫੜਨ ਵਾਲੀ ਤਰੰਗ ਨਾਲ ਮਿਲਦੀ ਹੁੰਦੀ ਹੈ। ਇਸ ਨਾਲ ਰੈਜ਼ੋਨੈਂਸ ਹੁੰਦੀ ਹੈ ਅਤੇ ਮਨਚਾਹੀ ਤਰੰਗ ਨੂੰ ਕਾਬੂ ਕਰ ਲਿਆ ਜਾਂਦਾ ਹੈ।

ਰੈਜ਼ੋਨੈਂਸ ਜੀਵਾਂ ਵਿਚ ਵੀ ਹੁੰਦੀ ਹੈ। ਕਿਸੇ ਇਕ ਵਿਅਕਤੀ ਨੂੰ ਸਾਰੀ ਦੁਨੀਆਂ ਵਿਚੋਂ ਕੁਝ ਵਿਅਕਤੀ ਜ਼ਿਆਦਾ ਚੰਗੇ ਲੱਗਦੇ ਹਨ, ਜਿਨ੍ਹਾਂ ਨਾਲ ਉਸਦੀ ਕੰਪਨ ਥੋੜ੍ਹੀ ਬਹੁਤ ਰਲਦੀ ਹੈ। ਜੇ ਕਿਸੇ ਪਤੀ-ਪਤਨੀ ਦੀ ਕੰਪਨ ਆਪਸ ਵਿਚ ਨਾ ਰਲੇ ਤਾਂ ਨੌਬਤ ਤਲਾਕ ਤੱਕ ਅੱਪੜ ਜਾਂਦੀ ਹੈ।

ਤਾਨਸੈਨ ਨੇ ਰਾਗਾਂ ਦੀ ਇਸ ਹੱਦ ਤੱਕ ਸਾਧਨਾ ਕੀਤੀ ਕਿ ਬੁਝੇ ਹੋਏ ਦੀਵੇ, ਦੀਪਕ ਰਾਗ ਗਾਉਣ ਨਾਲ ਜਗਣ ਲੱਗੇ ਅਤੇ ਮੇਘ ਰਾਗ ਗਾਉਣ ਨਾਲ ਵਰਖਾ ਹੋਣ ਲੱਗੀ। ਤੁਸੀਂ ਸੋਚੋਗੇ ਕਿ ਇਹ ਨਾ-ਮੁਮਕਿਨ ਹੈ ਪਰ ਇਹ ਸੰਭਵ ਹੈ।

# ਸੰਤ ਅਤੇ ਸੰਗੀਤਕਾਰ ਗਿਆਨੀ ਤੇਜਾ ਸਿੰਘ ਜੀ (ਸੁਨਾਮ)

ਕਮਲੇਸ਼ ਇੰਦਰ ਸਿੰਘ (ਸ਼ਰਮਾ) : ਦੇਵ ਸਮਾਜ ਕਾਲਜ ਫਾਰ ਵੂਮੈਨ, ਸੈਕਟਰ 45ਬੀ, ਚੰਡੀਗੜ੍ਹ

ਗਿਆਨੀ ਤੇਜਾ ਸਿੰਘ ਜੀ ਦਾ ਜੀਵਨ ਸੰਗੀਤ ਅਤੇ ਪਰਉਪਕਾਰ ਦੀ ਭਾਵਨਾ ਨਾਲ ਓਤ ਪ੍ਰੋਤ ਸੀ। ਗਿਆਨੀ ਜੀ ਨੇ ਆਪਣੇ ਜੀਵਨ ਕਾਲ ਵਿਚ ਰਹਿੰਦਿਆਂ ਅਨੇਕਾਂ ਹੀ ਵਿਦਿਆਰਥੀਆਂ ਨੂੰ ਗੁਰਮੱਤਿ ਸੰਗੀਤ, ਗਿਆਨੀ ਕਲਾਸ, ਗੁਰਬਾਣੀ ਸਿੱਖਿਆ, ਹਿੰਦੋਸਤਾਨੀ ਸੰਗੀਤ, ਤਬਲਾ-ਵਾਦਨ ਦੀ ਵਿਦਿਆ ਪ੍ਰਦਾਨ ਕੀਤੀ। ਗਿਆਨੀ ਜੀ ਕੇਵਲ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਹੀ ਧਨੀ ਨਹੀਂ ਸਨ, ਉਰਦੂ, ਫਾਰਸੀ, ਸੰਸਕ੍ਰਿਤ ਅਤੇ ਪੰਜਾਬੀ ਸਾਹਿਤ ਦੇ ਵੀ ਵਿਦਵਾਨ ਸਨ। ਆਪ ਜਦੋਂ ਹਰਮੋਨੀਅਮ ਵਜਾਉਂਦੇ ਤਾਂ ਇਕੱਲੇ ਇਕੱਲੇ ਸਵਰ ਦਾ ਪੋਟਾ ਅੱਲੰਕ੍ਰਿਤ ਹੁੰਦਾ ਹੋਇਆ ਸਪਸ਼ਟ ਸੁਣਾਈ ਦਿੰਦਾ ਸੀ, ਜਦੋਂ ਤਬਲਾ (ਜੋੜੀ) ਵਜਾਉਂਦੇ ਸਨ ਤਾਂ ਕਹਿੰਦੇ ਹਨ ਕਿ ਤਬਲੇ ਦੇ ਬੋਲ ਸਾਫ ਅਤੇ ਸਪਸ਼ਟ ਰੂਪ ਵਿਚ ਇਸ ਤਰ੍ਹਾਂ ਨਿਕਲਦੇ ਸਨ ਜਿਵੇਂ ਕੋਈ ਹਜ਼ਾਰਾਂ ਹੀ ਦਾਣੇ ਭੱਠੀ ਉੱਪਰ ਭੁੱਜ ਰਹੇ ਹੋਣ। ਕਿਸੇ ਇਕ ਵਿਅਕਤੀ ਵਿਚ ਐਨੀਆਂ ਖੂਬੀਆਂ ਦਾ ਹੋਣਾ ਬਹੁਤ ਹੀ ਘੱਟ ਵੇਖਣ ਵਿਚ ਆਉਂਦਾ ਹੈ। ਆਪ ਨੂੰ ਪ੍ਰਸਿੱਧ ਗ੍ਰੰਥ ਸ੍ਰੀ ਸੂਰਜ ਪ੍ਰਕਾਸ਼ ਜੀ ਦੇ ਸੋਧ ਕਰਤਾ ਹੋਣ ਦਾ ਵੀ ਮਾਨ ਪ੍ਰਾਪਤ ਹੈ।

ਗਿਆਨੀ ਜੀ ਨੇ ਪਿੰਡ ਦੁਸਾਲ ਤੋਂ ਸਕੂਲੀ ਵਿਦਿਆ ਹਾਸਲ ਕੀਤੀ। ਗਿਆਨੀ ਜੀ ਦਸਵੀਂ ਪਾਸ ਕਰਕੇ ਅੰਮ੍ਰਿਤਸਰ ਚਲੇ ਗਏ, ਅੰਮ੍ਰਿਤਸਰ ਤੋਂ ਆਪ ਨੇ ਭਾਈ ਸਾਹਿਬ ਭਾਈ ਸੁੰਦਰ ਸਿੰਘ ਜੀ ਪਾਸੋਂ ਅਤੇ ਹੋਰ ਅਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਿੰਘਾਂ ਪਾਸੋਂ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ। ਗੁਰਮਤਿ ਸੰਗੀਤ ਦੇ ਨਾਲ-ਨਾਲ ਆਪ ਜੀ ਨੇ ਤਬਲਾ ਵਾਦਨ, ਹਿੰਦੋਸਤਾਨੀ ਸੰਗੀਤ, ਦਾਦਰਾ, ਠੁਮਰੀ, ਖ਼ਿਆਲ ਸਾਦਰਾ ਗਾਇਨ ਸ਼ੈਲੀਆਂ ਦੀ ਸਿੱਖਿਆ ਵੀ ਚੰਗੇ-ਚੰਗੇ ਉਸਤਾਦ ਸਾਹਿਬਾਨਾਂ ਤੋਂ ਪ੍ਰਾਪਤ ਕੀਤੀ।

ਗੁਰਮਤਿ ਸੰਗੀਤ ਦੀ ਵਿਦਿਆ ਹਾਸਲ ਕਰਨ ਤੋਂ ਮਗਰੋਂ ਗਿਆਨੀ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 1921-22 ਦੇ ਲਗਭਗ ਕੀਰਤਨ ਦੀ ਸੇਵਾ ਨਿਭਾਈ। ਕਪਤਾਨ ਰਾਮ ਸਿੰਘ ਜੀ ਜੋ ਕਿ ਮਹਾਰਾਜਾ ਭੁਪਿੰਦਰ ਸਿੰਘ (ਪਟਿਆਲਾ) ਦੇ ਬਹੁਤ ਹੀ ਨਜ਼ਦੀਕੀਆਂ ਵਿਚੋਂ ਸਨ, ਗਿਆਨੀ ਜੀ ਦੇ ਕੀਰਤਨ ਤੋਂ ਬਹੁਤ ਹੀ ਪ੍ਰਭਾਵਿਤ ਸਨ। ਕਪਤਾਨ ਸਾਹਿਬ ਗਿਆਨੀ ਜੀ ਨੂੰ ਆਪਣੇ ਇਲਾਕੇ ਸੁਨਾਮ (ਸੰਗਰੂਰ) ਵਿਖੇ ਲੈ ਗਏ, ਸੁਨਾਮ ਸ਼ਹਿਰ (ਸ਼ਹੀਦ ਉਧਮ ਸਿੰਘ ਦੀ ਧਰਤੀ) ਆ ਕੇ ਗਿਆਨੀ ਜੀ ਨੇ ਗੁਰਮਤਿ ਸੰਗੀਤ ਕੇਂਦਰ ਦੀ ਸਥਾਪਨਾ ਕੀਤੀ। ਇਸ ਵਿਦਿਆ ਕੇਂਦਰ ਵਿਖੇ ਗਿਆਨੀ ਜੀ ਨੇ ਇਥੋਂ ਦੇ ਇਲਾਕੇ ਦੇ ਲੋਕਾਂ ਨੂੰ ਗਿਆਨੀ ਕਲਾਸ, ਗੁਰਬਾਣੀ ਸਿੱਖਿਆ, ਗੁਰਮਤਿ ਸੰਗੀਤ, ਤਬਲਾ-ਵਾਦਨ ਦੀ ਵਿਦਿਆ ਪ੍ਰਦਾਨ ਕੀਤੀ ਅਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ (ਇਸ ਅਸਥਾਨ ਨੂੰ ਗੁਰੂ ਨਾਨਕ ਸਾਹਿਬ ਦੀ ਚਰਨ-ਛੋਹ ਪ੍ਰਾਪਤ ਹੈ) ਵਿਖੇ ਕਥਾ ਅਤੇ ਕੀਰਤਨ ਦੀ ਸੇਵਾ ਵੀ ਨਿਭਾਈ। ਆਪ ਦੀ ਵਿਦਵਤਾ ਦੇ ਕਾਰਨ ਆਪ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ (ਸੁਨਾਮ) ਵਿਖੇ ਪਹਿਲੇ ਹੈਡ ਗ੍ਰੰਥੀ ਸਥਾਪਿਤ ਕੀਤਾ ਗਿਆ। ਗਿਆਨੀ ਜੀ ਤੋਂ ਮਗਰੋਂ ਗਿਆਨੀ ਜੀ ਦੇ ਹੀ ਸ਼ਾਗਿਰਦ ਭਾਈ ਅਮਰਜੀਤ ਸਿੰਘ (ਸੁਨਾਮ) ਦੇ ਪਿਤਾ ਭਾਈ ਗੁਰਦਿਆਲ ਸਿੰਘ ਜੀ ਨੇ ਸਰਕਾਰੀ ਨੌਕਰੀਆਂ ਦੇ ਮਾਨ-ਸਨਮਾਨ ਨੂੰ ਤਿਆਗਦਿਆਂ ਲਗਭਗ 30 ਸਾਲ ਤੱਕ ਇਸੇ ਹੀ ਅਸਥਾਨ ਤੇ ਹੈਡ ਗ੍ਰੰਥੀ ਦੀ ਸੇਵਾ ਨਿਭਾਈ।

ਕਪਤਾਨ ਰਾਮ ਸਿੰਘ ਜੀ ਦੇ ਸੰਪਰਕ ਸਦਕਾ ਮਹਾਰਾਜਾ ਸਾਹਿਬ ਪਟਿਆਲਾ ਗਿਆਨੀ ਜੀ ਦੇ ਕੀਰਤਨ ਤੋਂ ਬਹੁਤ ਹੀ ਪ੍ਰਭਾਵਿਤ ਹੋਏ ਅਤੇ ਗਿਆਨੀ ਜੀ ਨੂੰ ਆਪਣੇ ਗ੍ਰਹਿ ਮੋਤੀ ਬਾਗ ਵਿਖੇ ਰਾਗੀ ਸਿੰਘ ਨਿਯੁਕਤ ਕਰ ਦਿੱਤਾ। ਲਗਭਗ ਸਵਾ ਸਾਲ ਗਿਆਨੀ ਜੀ ਨੇ ਮੋਤੀ ਬਾਗ ਗੁਰਦੁਆਰਾ ਸਾਹਿਬ ਵਿਖੇ ਨੌਕਰੀ ਕੀਤੀ। ਫਿਰ ਕਿਸੇ ਕਾਰਨ ਆਪ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਵਾਪਸ ਸੁਨਾਮ ਸ਼ਹਿਰ ਆ ਗਏ। ਮਹਾਰਾਜਾ ਸਾਹਿਬ ਗਿਆਨੀ ਜੀ ਦਾ ਇਹਨਾਂ ਦੀ ਵਿਦਵਤਾ ਅਤੇ ਰਾਗੀ ਸਿੰਘ ਹੋਣ ਦੇ ਕਾਰਨ ਬਹੁਤ ਸਨਮਾਨ ਕਰਦੇ ਸਨ।

ਸੰਗੀਤਕਾਰ ਹੋਣ ਦੇ ਨਾਲ-ਨਾਲ ਗਿਆਨੀ ਜੀ ਸੰਤ ਵੀ ਸਨ, ਆਪ ਨਿਰਮਲੇ ਸੰਤਾ ਦੀ ਸੰਪਰਦਾ ਵਿਚੋਂ ਸਨ। ਆਪ ਨੇ ਪਵਿੱਤਰ ਨਾਮ ਦੀ ਦਾਤ ਗੁਰੂ ਕਿਰਪਾ ਸਦਕਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਨਾ ਸਾਹਿਬ

ਵਾਲਿਆਂ ਪਾਸੋਂ ਪ੍ਰਾਪਤ ਕੀਤੀ ਸੀ। ਆਪ ਨੇ ਆਪਣਾ ਸਾਰਾ ਜੀਵਨ ਸੇਵਾ, ਸਿਮਰਨ, ਨਿਤਨੇਮ ਅਤੇ ਭਗਤੀ ਵਿਚ ਗੁਜਾਰਦਿਆਂ ਹੀ ਬਤੀਤ ਕੀਤਾ। ਆਪ ਦੇ ਸ਼ਾਗਿਰਦਾਂ ਵਿਚੋਂ ਭਾਈ ਬਲਵੀਰ ਸਿੰਘ (ਸੁਨਾਮ), ਭਾਈ ਉਜਾਗਰ ਸਿੰਘ (ਪੰਛੀ), ਭਾਈ ਅਮਰਜੀਤ ਸਿੰਘ (ਸੁਨਾਮ), ਭਾਈ ਸੁਰਿੰਦਰ ਸਿੰਘ, ਭਾਈ ਲਾਲ, ਭਾਈ ਓਮੀ ਜੀ ਦੇ ਨਾਮ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ। ਭਾਈ ਅਮ੍ਰਜੀਤ ਸਿੰਘ (ਸੁਨਾਮ) ਅਤੇ ਇਹਨਾਂ ਦੀ ਧਰਮ ਪਤਨੀ ਬੀਬੀ ਮਾਇਆ ਜੀ ਨੇ ਲਗਭਗ 25-30 ਸਾਲ ਤੱਕ ਗਿਆਨੀ ਜੀ ਦੀ ਬੜੇ ਹੀ ਪਿਆਰ ਅਤੇ ਸ਼ਰਧਾ ਨਾਲ ਗਿਆਨੀ ਜੀ ਦੇ ਅਸਥਾਨ ਸੁਨਾਮ ਵਿਖੇ ਰਹਿ ਕੇ ਆਖਰੀ ਸੁਆਸਾਂ ਤੱਕ ਸੇਵਾ ਨਿਭਾਈ।

# ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ

ਡਾ. ਰਣਜੀਤ ਸਿੰਘ : 'ਪੰਜਾਬੀ ਟ੍ਰਿਬਿਊਨ' 'ਚੋਂ ਧੰਨਵਾਦ ਸਹਿਤ

ਭਾਈ ਹਰਜਿੰਦਰ ਸਿੰਘ ਜੀ ਜਦੋਂ ਅੰਤਰ ਧਿਆਨ ਹੋ ਕੇ ਕੀਰਤਨ ਕਰਦੇ ਹਨ ਤਾਂ ਆਪ ਵੀ ਮਸਤੀ ਵਿਚ ਆ ਕੇ ਝੂਮਣ ਲੱਗਦੇ ਹਨ ਅਤੇ ਸੰਗਤ ਨੂੰ ਵੀ ਆਪਣੇ ਨਾਲ ਹੀ ਝੂਮਣ ਲਾ ਲੈਂਦੇ ਹਨ। ਭਾਈ ਸਾਹਿਬ ਇਕ ਸੁਰ ਵਿਚ ਸਹਿਜ ਰਹਿੰਦਿਆਂ ਮਸਤੀ ਦੇ ਆਲਮ ਵਿਚ ਆਪਣੀ ਸੁਰੀਲੀ ਆਵਾਜ਼ ਵਿਚ ਕੀਰਤਨ ਕਰਦੇ ਹਨ। ਸ਼ਬਦਾਂ ਦਾ ਉਚਾਰਨ ਵੀ ਨਿਖੇੜ ਕੇ ਕੀਤਾ ਜਾਂਦਾ ਹੈ ਜਿਹੜਾ ਸੰਗਤ ਦੀ ਸਮਝ ਵਿਚ ਆ ਜਾਂਦਾ ਹੈ। ਭਾਈ ਸਾਹਿਬ ਸਾਦਗੀ ਦੀ ਮੂਰਤ, ਉਚੇਚਰਹਿਤ ਅਤੇ ਹਮੇਸ਼ਾ ਚਿਹਰੇ ਉੱਤੇ ਵੱਖਰੀ ਕਿਸਮ ਦੀ ਮੁਸਕਾਨ ਵਿਖੇਰੀ ਰੱਖਦੇ ਹਨ। ਉਨ੍ਹਾਂ ਦੇ ਨਾਮ ਪਿੱਛੇ ਲਿਖੇ ਸ੍ਰੀਨਗਰ ਅਤੇ ਦਿੱਖ ਤੋਂ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਉਹ ਕਸ਼ਮੀਰੀ ਸਿੱਖ ਹਨ। ਪਰ ਉਹ ਤਾਂ ਗੁਰਦਾਸਪੁਰ ਜ਼ਿਲ੍ਹੇ ਦੇ ਜੰਮਪਲ ਹਨ। ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਕੀਰਤਨ ਦਾ ਦੋ ਸਾਲਾ ਕੋਰਸ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਕੀਤਾ। ਸਿਖਲਾਈ ਪੂਰੀ ਕਰਨ ਉਪਰੰਤ ਉਹ ਸ੍ਰੀਨਗਰ ਚਲੇ ਗਏ ਤੇ ਉਥੇ ਕੀਰਤਨ ਦੀ ਸੇਵਾ ਨਿਭਾਈ। ਇੰਝ ਉਨ੍ਹਾਂ ਦੀ ਮੁਢਲੀ ਸੇਵਾ ਕਸ਼ਮੀਰ ਦੀ ਸੁੰਦਰ ਵਾਦੀ ਵਿਚ ਹੋਈ। ਉਥੇ ਰਹਿਣ ਕਰਕੇ ਹੀ ਉਨ੍ਹਾਂ ਦੇ ਨਾਮ ਪਿੱਛੇ ਸ੍ਰੀਨਗਰ ਜੁੜ ਗਿਆ। ਮੁੜ ਉਹ ਲੁਧਿਆਣੇ ਆ ਗਏ। ਕੋਈ ਸੱਤ ਸਾਲ ਉਨ੍ਹਾਂ ਇਥੋਂ ਦੇ ਪ੍ਰਮੁੱਖ ਗੁਰਦੁਆਰੇ ਸਬਜੀ ਮੰਡੀ ਅਤੇ ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਕੀਤੀ।

ਸਾਰੀ ਦੁਨੀਆਂ ਦੀਆਂ ਸੰਗਤਾਂ ਉਨ੍ਹਾਂ ਦਾ ਕੀਰਤਨ ਸੁਣਨ ਲਈ ਉਤਸੁਕ ਹਨ। ਹਰ ਗੁਰਸਿੱਖ ਦੇ ਘਰ ਵਿਚ ਉਨ੍ਹਾਂ ਦੇ ਕੀਰਤਨ ਦੀਆਂ ਕੁਝ ਨਾ ਕੁਝ ਕੈਸੇਟਾਂ ਮੌਜੂਦ ਹਨ। ਆਪਣੀਆਂ ਕੈਸੇਟਾਂ ਦਾ ਉਨ੍ਹਾਂ ਇਕ ਸੈਂਕੜਾ ਪੂਰਾ ਕਰ ਲਿਆ ਹੈ। ਨਵੀਂ ਕੈਸੇਟ ਵਿਚ 'ਬਾਰਾਮਾਂਹ' ਦਾ ਕੀਰਤਨ ਹੈ। ਫੋਟੋਗ੍ਰਾਫਰ ਸੰਧੂ ਨੇ ਤਿੰਨ ਸਾਲ ਦੀ ਮਿਹਨਤ ਨਾਲ ਗੁਰੂ ਅਰਜਨ ਸਾਹਿਬ ਦੇ ਬਾਰਾਮਾਂਹ ਅਧਾਰਿਤ ਇਕ ਅਦੁੱਤੀ ਫੋਟੋ ਐਲਬਮ ਤਿਆਰ ਕੀਤੀ ਹੈ। ਭਾਈ ਸਾਹਿਬ ਇਸ ਯਤਨ ਤੋਂ ਪ੍ਰਭਾਵਿਤ ਸਨ ਤੇ ਉਹ ਹੌਸਲਾ ਦੇਣ ਦੇ ਨਾਲੋਂ ਨਾਲ ਆਪਣੇ ਸੁਝਾਅ ਵੀ ਦਿੰਦੇ ਸਨ। ਸੰਧੂ ਦੀ ਇੱਛਾ ਸੀ ਕਿ ਇਸ ਐਲਬਮ ਦੇ ਰਿਲੀਜ਼ ਸਮਾਗਮ ਵਿਚ ਭਾਈ ਸਾਹਿਬ ਹੋਣ ਅਤੇ ਭਾਈ ਸਾਹਿਬ ਵੀ ਚਾਹੁੰਦੇ ਸਨ ਕਿ ਇਸ ਅਨੋਖੇ ਸਮਾਗਮ ਨੂੰ ਵੇਖਣ। ਪਰ ਸਮਾਗਮ ਦੀ ਜਿਹੜੀ ਮਿਤੀ ਮਿਥੀ ਗਈ ਉਦੋਂ ਭਾਈ ਸਾਹਿਬ ਨੂੰ ਵਿਦੇਸ਼ ਜਾਣਾ ਪਿਆ।

ਉਨ੍ਹਾਂ ਨੂੰ ਇਸ ਸਮਾਗਮ ਤੋਂ ਦੂਰ ਜਾਣ ਦਾ ਦੁੱਖ ਸੀ। ਕੁਦਰਤ ਦੇ ਰੰਗ ਕੁਝ ਸੋਧਾਂ ਕਰਨ ਕਰਕੇ ਛਪਾਈ ਵਿਚ ਪਿਛੇਤ ਹੋ ਗਈ। ਰਿਲੀਜ਼ ਸਮਾਗਮ ਦੀ ਨਵੀਂ ਮਿਤੀ ਮਿਥੀ ਗਈ। ਉਸ ਤੋਂ ਦੋ ਦਿਨ ਪਹਿਲਾਂ ਹੀ ਉਹ ਵਤਨ ਵਾਪਸ ਆ ਗਏ। ਆਉਂਦਿਆ ਹੀ ਉਨ੍ਹਾਂ ਸੰਧੂ ਨੂੰ ਫੋਨ ਕੀਤਾ ਕਿ ਤੁਹਾਡਾ ਸਮਾਗਮ ਕਿਵੇਂ ਰਿਹਾ। ਮੈਂ ਉਸਨੂੰ ਵੇਖਣਾ ਚਾਹੁੰਦਾ ਸਾਂ। ਜਦੋਂ ਉਨ੍ਹਾਂ ਨੂੰ ਨਵੀਂ ਮਿਤੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਦੀ ਖੁਸ਼ੀ ਵੇਖਣ ਵਾਲੀ ਹੀ ਸੀ। ਉਸ ਸਮਾਗਮ ਦਾ ਆਰੰਭ ਉਨ੍ਹਾਂ ਨੇ ਬਾਰਾਮਾਂਹ ਵਿਚੋਂ ਕੀਰਤਨ ਨਾਲ ਕੀਤਾ। ਜਿਸ ਨਾਲ ਇਕ ਅਜਿਹਾ ਮਾਹੌਲ ਸਿਰਜਿਆ ਗਿਆ ਜਿਸ ਦਾ ਜਲੌਅ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਹ ਸਾਰਾ ਸਮਾਂ ਸਮਾਗਮ ਵਿਚ ਹਾਜ਼ਰ ਰਹੇ। ਉਸ ਐਲਬਮ ਦੀਆਂ ਤਸਵੀਰਾਂ ਨੂੰ ਹੀ ਉਨ੍ਹਾਂ ਨੇ ਆਪਣੀ ਨਵੀਂ ਕੀਰਤਨ ਦੀ ਕੈਸੇਟ ਤੇ ਸੀਡੀਜ਼ ਦੇ ਟਾਈਟਲ ਲਈ ਚੁਣਿਆ। ਭਾਈ ਲੱਧਾ ਜੀ ਪਰਉਪਕਾਰੀ ਸਭਾ ਰਾਹੀਂ ਉਹ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹਨ। ਪਰਉਪਕਾਰ ਕਰਨ ਵਾਲਿਆਂ ਨੂੰ ਸਨਮਾਨਿਤ ਕਰਦੇ ਹਨ ਅਤੇ ਸਮਾਜ ਸੇਵਾ ਦੇ ਕਾਰਜ ਕਰਦੇ ਹਨ।

ਜਦੋਂ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਰਾਗੀ ਦੇ ਸਨਮਾਨ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਦੇ ਚਿਹਰੇ ਉੱਤੇ ਉਹੀ ਵਿਸ਼ੇਸ਼ ਮੁਸਕਾਨ ਸੀ। ਉਨ੍ਹਾਂ ਦਾ ਆਖਣਾ ਸੀ ਕਿ ਗੁਰਬਾਣੀ ਦੇ ਕੀਰਤਨ ਸਦਕਾ ਹੀ ਮੇਰੇ ਉੱਤੇ ਇਹ ਰੱਬੀ ਮਿਹਰ ਹੋਈ ਹੈ। ਮੇਰੇ ਵਰਗੇ ਸਾਧਾਰਨ ਕੀਰਤਨੀਏ ਵਾਸਤੇ ਇਹ ਵੱਡੀ ਖੁਸ਼ੀ ਦੀ ਗੱਲ ਹੈ ਕਿ ਸਰੋਤਿਆਂ ਨੇ ਪ੍ਰਵਾਨ ਕੀਤਾ ਅਤੇ ਇਸ ਮੁਕਾਮ ਤੀਕ ਪਹੁੰਚਾਇਆ ਹੈ। ਮੈਂ ਭਵਿੱਖ ਵਿਚ ਵੀ ਇਸੇ ਲਗਨ ਨਾਲ ਸੰਗਤ ਦੀ ਸੇਵਾ ਕਰਦਾ ਰਹਾਂਗਾ। ਇਸ ਸਨਮਾਨ ਲਈ ਉਨ੍ਹਾਂ ਦੀ ਚੋਣ ਸਰਬਸੰਮਤੀ ਨਾਲ ਹੋਈ।

# ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ : ਪ੍ਰੋ. ਮੰਗਤ ਸਿੰਘ ਮਸਤਾਨਾ

ਕਰਨੈਲ ਸਿੰਘ : 'ਪੰਜਾਬੀ ਟ੍ਰਿਬਿਊਨ' ਚੋਂ ਧੰਨਵਾਦ ਸਹਿਤ

ਜੈਸੋ ਗੁਰ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ॥ ਅਨੁਸਾਰ ਗੁਰਬਾਣੀ ਦਾ ਨਿਰੋਲ ਕੀਰਤਨ ਕਰਨ ਵਾਲੇ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ *'ਜੈਸੇ ਸਾਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁਨ ਸਿੱਖ ਕੋ ਇਕ ਸ਼ਬਦ ਸਿਖਾਇ ਕੈ॥* ਦੇ ਅਨੁਸਾਰ ਹਰ ਇਕ ਸੰਗੀਤ ਦੇ ਸਿੱਖਣ ਵਾਲੇ ਨੂੰ ਸੰਗੀਤ ਸਿਖਾਉਣ ਦੇ ਮਾਹਿਰ ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ ਪ੍ਰੋ. ਮੰਗਤ ਸਿੰਘ ਮਸਤਾਨਾ ਰਾਮ ਨਗਰ ਵਾਲੇ ਮਲੋਟ (ਮੁਕਤਸਰ) ਦੇ ਜੰਮਪਲ ਹਨ। ਇਹ ਇਕ ਕੱਟੜ ਹਿੰਦੂ ਘਰਾਣੇ ਵਿਚੋਂ ਸਨ ਪਰ ਅੱਜ ਅੰਮ੍ਰਿਤਧਾਰੀ ਤੇ ਨਿੱਤਨੇਮੀ ਹਨ। ਸੰਤ ਬਾਬਾ ਵਿਰਸਾ ਸਿੰਘ ਗੋਬਿੰਦ ਸਦਨ ਦਿੱਲੀ ਵਾਲਿਆਂ ਦੀ ਕਥਾ ਤੋਂ ਭਾਈ ਵਜੀਰ ਸਿੰਘ ਰਾਮ ਨਗਰ ਤੇ ਸ੍ਰੀ ਸੁਖਚੈਨ ਸਿੰਘ ਸੰਧੂ ਯੂ. ਕੇ. ਮਲੋਟ ਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਨਾਲ ਜੁੜੇ ਹਨ। ਸਵ. ਭਾਈ ਪ੍ਰੀਤਮ ਸਿੰਘ ਜੀ ਗੁਰਦੁਆਰਾ ਗੁਰੂ ਅੰਗਦ ਦੇਵ ਜੀ ਅਬੋਹਰ ਦੇ ਪ੍ਰਸਿੱਧ ਰਾਗੀ ਪਾਸੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ।

ਭਾਈ ਕੇਹਰ ਸਿੰਘ ਜੀ ਕੋਮਲ ਕੋਲ ਰਹਿ ਕੇ ਤਬਲੇ ਦੀ ਡਿਊਟੀ ਕੀਤੀ। ਮਸਤਾਨਾ ਜੀ ਨੇ ਮਲੋਟ ਦੇ ਪ੍ਰਸਿੱਧ ਸੰਗੀਤਕਾਰ (ਗਜ਼ਲਗੋ) ਪ੍ਰੋ. ਅਰਵਿੰਦਰਪਾਲ ਸਿੰਘ ਪਾਸੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਉਨ੍ਹਾਂ ਮੀਰਾ ਮਿਊਜ਼ਿਕ ਕਾਲਜ ਬਠਿੰਡਾ ਦੇ ਸੈਂਟਰ ਰਾਹੀਂ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਬੀ.ਏ. ਤੱਕ ਦਾ ਡਿਪਲੋਮਾ ਹਾਸਲ ਕੀਤਾ, ਫਿਰ ਦਿੱਲੀ ਤੋਂ ਮੈਡੀਕਲ ਦਾ ਐਮ. ਏ. ਆਈ. ਐਮ. ਐਸ. ਡਿਪਲੋਮਾ ਕੀਤਾ।

ਇਨ੍ਹਾਂ ਗੁਰਦੁਆਰਾ ਕਲਗੀਧਰ ਵਿਨੋਬਾ ਬਸਤੀ ਗੰਗਾ ਨਗਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਨੂਮਾਨਗੜ੍ਹ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਸਰੀ ਸਿੰਘਪੁਰਾ (ਰਾਜਸਥਾਨ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁਹੱਲਾ ਕਰਨੈਲ ਸਿੰਘ ਮਲੋਟ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮੰਡੀ ਹਰਜੀ ਰਾਮ ਮਲੋਟ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਲੋਟ ਤੇ ਹੋਰ ਕਈ ਗੁਰਦੁਆਰਿਆਂ ਵਿਚ ਅੰਮ੍ਰਿਤਮਈ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਮਸਤਾਨਾ ਜੀ ਦੀ ਇਕ ਖਾਸੀਅਤ ਹੈ ਕਿ ਉਹ ਪ੍ਰੋ. ਦਰਸ਼ਨ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਸੁਰਜਨ ਸਿੰਘ ਤੋਂ ਇਲਾਵਾ ਬਹੁਤ ਸਾਰੇ ਰਾਗੀਆਂ ਦਾ ਹੂ-ਬ-ਹੂ ਗਾਇਕੀ ਅੰਦਾਜ਼ ਪੇਸ਼ ਕਰ ਸਕਦੇ ਹਨ। ਜਦੋਂ ਮਸਤਾਨਾ ਜੀ ਸਟੇਜ 'ਤੇ ਕੀਰਤਨ ਕਰ ਰਹੇ ਹੋਣ ਤਾਂ ਉਪਰੋਕਤ ਰਾਗੀਆਂ ਦਾ ਸੁਣਨ ਵਾਲਿਆਂ ਨੂੰ ਕਈ ਵਾਰ ਭੁਲੇਖਾ ਪੈ ਜਾਂਦਾ ਹੈ। ਇਹ ਗੁਲਾਮ ਅਲੀ, ਨੁਸਰਤ ਫਤਹਿ ਅਲੀ ਖਾਂ, ਭੁਪਿੰਦਰ ਸਿੰਘ, ਮੁਹੰਮਦ ਰਫੀ ਗਾਇਕਾਂ ਤੇ ਭਾਈ ਰਾਜਿੰਦਰ ਸਿੰਘ ਦੁਬਈ ਵਾਲੇ, ਭਾਈ ਜਸਬੀਰ ਸਿੰਘ ਜੀ ਪਾਉਂਟਾ ਸਾਹਿਬ, ਸੰਤ ਨਿਰੰਜਨ ਸਿੰਘ ਜਵੱਦੀ ਕਲਾਂ, ਭਾਈ ਚਰਨਜੀਤ ਸਿੰਘ ਦਿੱਲੀ ਵਾਲੇ ਆਦਿ ਰਾਗੀ ਸਿੰਘਾਂ ਤੋਂ ਪ੍ਰਭਾਵਿਤ ਹੋ ਕੇ ਕੀਰਤਨ ਕਰਨ ਲੱਗੇ ਹਨ।

ਆਲ ਇੰਡੀਆ ਰੇਡੀਓ ਬਠਿੰਡਾ ਦੇ 'ਏ' ਕਲਾਸ ਕਲਾਕਾਰ ਹਨ। ਇਨ੍ਹਾਂ ਨੇ ਬਹੁਤ ਸਾਰੇ ਰਾਗੀਆਂ ਅਤੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਸੰਗੀਤ ਸਿੱਖਣ ਵਾਲਿਆਂ ਨੂੰ ਇਨ੍ਹਾਂ ਬੜੇ ਪ੍ਰੇਮ ਨਾਲ ਸੰਗੀਤ ਸਿਖਾਇਆ। ਮਸਤਾਨਾ ਜੀ ਪ੍ਰਾਈਵੇਟ ਅਦਾਰਿਆਂ ਤੇ ਸਕੂਲ ਸਿੱਖਿਆ ਬੋਰਡ ਦੇ ਸ਼ਬਦ ਗਾਇਨ ਮੁਕਾਬਲਿਆਂ ਵਿਚ ਅਨੇਕਾਂ ਵਾਰ ਜਜਮੈਂਟ ਕਰ ਚੁੱਕੇ ਹਨ। ਮਲੋਟ ਦੇ 99 ਪ੍ਰਤੀਸ਼ਤ ਰਾਗੀ ਮਸਤਾਨਾ ਜੀ ਦੇ ਸ਼ਾਗਿਰਦ ਹਨ ਜੇਕਰ ਇਨ੍ਹਾਂ ਨੂੰ ਮਲੋਟ ਦੇ ਰਾਗੀਆਂ ਦਾ ਉਸਤਾਦ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਨ੍ਹਾਂ ਨੂੰ ਜਦੋਂ ਪੁੱਛਿਆ ਕਿ 'ਮਸਤਾਨਾ' ਨਾਂ ਕਿਉਂ ਮਗਰ ਲਾਇਆ ਹੈ ਤਾਂ ਇਨ੍ਹਾਂ ਕਿਹਾ ਕਿ ਪੰਡਤ ਸਰਵਨ ਸਿੰਘ ਕਾਂਸ਼ੀ ਵਾਲਿਆਂ ਨੇ 'ਮਸਤਾਨਾ' ਰੱਖਿਆ ਸੀ। ਇਸੇ ਲਈ ਇਸ ਨਾਂ ਨਾਲ ਪ੍ਰਸਿੱਧ ਹੋ ਗਿਆ। ਮਸਤਾਨਾ ਜੀ ਦੇ ਕੀਰਤਨ ਦੀ ਕੈਸੇਟ ਵੀ ਜਲਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਨਿਰੋਲ ਸ਼ਬਦ ਕੀਰਤਨ ਕਰਨ ਵਾਲਿਆਂ ਤੋਂ ਹੀ ਸੰਗਤਾਂ ਸ਼ਬਦ ਕੀਰਤਨ ਕਰਵਾਉਣ ਕਿਉਂਕਿ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਨਿਰੋਲ ਕੀਰਤਨ ਦੀ ਮਰਿਯਾਦਾ ਹੈ। ਅੱਜ ਕੱਲ੍ਹ ਰਾਗੀ ਵਿਆਖਿਆ ਤੋਂ ਇਲਾਵਾ, ਮਨਘੜਤ ਸਾਖੀਆਂ, ਕਵਿਤਾਵਾਂ ਜਾਂ ਕੱਚੀ ਬਾਣੀ ਦੀਆਂ ਕੈਸੇਟਾਂ ਕਰਵਾ ਰਹੇ ਹਨ ਜੋ ਕਿ ਗੁਰਮਤਿ

ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਵਿਆਖਿਆ ਕਰਨ ਵਾਲੇ ਅਤੇ ਕੱਚੀ ਬਾਣੀ ਗ਼ਾਉਣ ਵਾਲੇ ਰਾਗੀਆਂ ਨੂੰ ਕੀਰਤਨ ਲਈ ਨਾ ਬੁਲਾਇਆ ਜਾਵੇ। ਜਿਹੜੇ ਕਲਾਸੀਕਲ ਜਾਂ ਰਾਗਾਂ ਵਿਚ ਕੀਰਤਨ ਕਰਦੇ ਹਨ, ਉਨ੍ਹਾਂ ਨੂੰ ਹੀ ਵੱਧ ਤੋਂ ਵੱਧ ਸੇਵਾ ਦਾ ਮੌਕਾ ਦਿੱਤਾ ਜਾਵੇ।

1994 ਵਿਚ 2 ਅਕਤੂਬਰ ਨੂੰ ਮੋਗਾ ਦੇ ਰੀਗਲ ਸਿਨੇਮਾ ਵਿਖੇ ਪੰਜਾਬ ਯੁਵਾ ਸ਼ਾਂਤੀ ਵੱਲੋਂ ਮਸਤਾਨਾ ਜੀ ਨੂੰ ਗਾਇਕੀ ਦੇ ਖੇਤਰ ਵਿਚ ਮੱਲ੍ਹਾਂ ਮਾਰਨ ਕਰਕੇ ਸਨਮਾਨਿਤ ਕੀਤਾ ਗਿਆ, ਹੋਰ ਵੀ ਬਹੁਤ ਸਾਰੀਆਂ ਸਮਾਜ-ਸੇਵੀ ਸੰਸਥਾਵਾਂ, ਸਭਾ-ਸੁਸਾਇਟੀਆਂ, ਸਕੂਲ-ਕਾਲਜਾਂ ਵੱਲੋਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ।

# ਪੁਸਤਕ ਰੀਵਿਊ

ਪ੍ਰੋ. ਨਵ ਸੰਗੀਤ ਸਿੰਘ : ਪਤ੍ਰਿਕਾ 'ਸਾਡਾ ਵਿਰਸਾ ਸਾਡਾ ਗੌਰਵ' 'ਚੋਂ ਧੰਨਵਾਦ ਸਹਿਤ

**ਪੁਸਤਕ ਦਾ ਨਾਂ** : ਕਾਵਿ ਅਤੇ ਸੰਗੀਤ : ਗੁਰਬਾਣੀ ਪਰਿਪੇਖ

**ਲੇਖਕ ਦਾ ਨਾਂ** : ਡਾ. ਜਾਗੀਰ ਸਿੰਘ **ਕੀਮਤ** : 220 ਰੁਪਏ **ਸਾਲ** : 2004

**ਪ੍ਰਕਾਸ਼ਕ** : ਪੰਜਾਬੀ ਪਬਲੀਕੇਸ਼ਨ, ਪਟਿਆਲਾ

ਵਿਚਾਰਾਧੀਨ ਪੁਸਤਕ ਵਿਚ ਭੂਮਿਕਾ, ਨਿਰਣੈ ਅਤੇ ਸਹਾਇਕ ਪੁਸਤਕ ਸੂਚੀ ਤੋਂ ਇਲਾਵਾ ਕੁੱਲ ਪੰਜ ਅਧਿਆਇ ਹਨ, ਜਿਨਾਂ ਵਿਚ ਗੁਰਬਾਣੀ ਦੀ ਕਾਵਿਕ ਤੇ ਸੰਗੀਤਕ ਪਿਠਭੂਮੀ, ਗੁਰਬਾਣੀ ਅਤੇ ਸੰਗੀਤ : ਇਤਿਹਾਸਿਕ ਪਰਿਪੇਖ, ਗੁਰਬਾਣੀ ਵਿਚ ਕਾਵਿ ਅਨੁਭਵ ਅਤੇ ਸੰਗੀਤ, ਗੁਰਬਾਣੀ : ਵਿਭਿੰਨ ਸੰਚਾਰ ਜੁਗਤਾਂ ਅਤੇ ਸੰਗੀਤ, ਗੁਰਬਾਣੀ ਅਤੇ ਸੰਗੀਤ : ਪ੍ਰਯੋਜਨਗਤ ਵਿਸ਼ੇਸ਼ਤਾ ਨੂੰ ਰੇਖਾਂਕਿਤ ਕੀਤਾ ਗਿਆ ਹੈ।

ਡਾ. ਜਾਗੀਰ ਸਿੰਘ, ਜੋ ਕਿ ਗੁਰਬਾਣੀ ਸਾਹਿਤ ਅਤੇ ਕੀਰਤਨ ਦੇ ਮਾਹਿਰ ਹਨ। ਗੁਰਬਾਣੀ ਦੀ ਦ੍ਰਿਸ਼ਟੀ ਤੋਂ ਸੰਗੀਤ ਦਾ ਅਧਿਐਨ ਕੀਤਾ ਹੈ। ਇਸ ਤੋਂ ਪੂਰਵ ਹੋ ਚੁੱਕੇ ਅਧਿਐਨ ਕਾਵਿ-ਕੇਂਦਰਿਤ ਜ਼ਾਂ ਸੰਗੀਤ-ਕੇਂਦਰਿਤ ਦ੍ਰਿਸ਼ਟੀ ਨਾਲ ਸੰਬੰਧਿਤ ਸਨ। ਪਰ ਲੇਖਕ ਨੇ ਗੁਰਬਾਣੀ ਅਤੇ ਸੰਗੀਤ ਦੇ ਪਰਸਪਰ ਸੰਬੰਧਾਂ ਦਾ ਸੰਯੁਕਤ ਰੂਪ ਵਿਚ ਅਧਿਐਨ ਪ੍ਰਸਤੁਤ ਕੀਤਾ ਹੈ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਸਮੁੱਚੀ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਪ੍ਰਾਪਤ ਹੈ, ਜਿਸ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਸਮੇਤ ਕੁੱਲ ਛੱਤੀ ਬਾਣੀਕਾਰਾਂ ਦੀ ਰਚਨਾ ਹੈ। ਪ੍ਰੰਤੂ ਰੀਵਿਊ ਅਧੀਨ ਪੁਸਤਕ ਵਿਚ ਸਿਰਫ ਗੁਰੂ ਸਾਹਿਬਾਨ ਦੀ ਬਾਣੀ ਨੂੰ ਹੀ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

ਇਸ ਪੁਸਤਕ ਵਿਚ ਗੁਰਬਾਣੀ ਅਤੇ ਸੰਗੀਤ ਦੇ ਅੰਤਰ ਸੰਬੰਧਿਤ ਪ੍ਰਸੰਗਾਂ ਦਾ ਅਧਿਐਨ ਹੈ, ਜਿਸ ਲਈ ਭਾਰਤੀ ਕਾਵਿਸ਼ਾਸਤਰ ਦੀ ਪ੍ਰਿਸ਼ਟਭੂਮੀ ਵਿਚ ਗੁਰਬਾਣੀ ਦੇ ਵਿਭਿੰਨ ਸੰਗੀਤਕ ਤੱਥਾਂ ਨੂੰ ਪਛਾਣਨ ਦੀ ਕੋਸ਼ਿਸ਼ ਹੈ। ਗੁਰਬਾਣੀ ਦੀਆਂ ਸੰਚਾਰ ਜੁਗਤਾਂ ਅਤੇ ਸੰਗੀਤ ਦੇ ਆਪਸੀ ਸੰਬੰਧਾਂ ਦਾ ਵਿਸ਼ਲੇਸ਼ਣ ਵੀ ਇਸ ਪੁਸਤਕ ਦਾ ਉਦੇਸ਼ ਹੈ, ਜਿਸ ਅਧੀਨ ਗੁਰਬਾਣੀ ਵਿਚ ਪ੍ਰਸਤੁਤ ਵਿਭਿੰਨ ਕਾਵਿਰੂਪਾਂ, ਛੰਦਾਂ, ਸ਼ਬਦ ਯੋਜਨਾ ਆਦਿ ਦੇ ਸੰਗੀਤ ਨਾਲ ਸੰਬੰਧਾਂ ਨੂੰ ਪਛਾਣਿਆ ਗਿਆ ਹੈ।

ਗੁਰਬਾਣੀ ਦੀ ਕਾਵਿਕ ਤੇ ਸੰਗੀਤਕ ਪ੍ਰਿਸ਼ਟਭੂਮੀ ਅਧਿਆਇ ਵਿਚ ਕਾਵਿ-ਪਰੰਪਰਾ ਤੇ ਰਾਗ-ਪਰੰਪਰਾ ਦੇ ਉਪਸਿਰਲੇਖਾਂ ਹੇਠ ਪਹਿਲੀ ਪਰੰਪਰਾ ਦਾ ਵਰਣਨ ਛੇ ਭਾਗਾਂ (ਵੈਦਿਕ ਕਾਵਿ, ਮਹਾਕਾਵਿ ਤੇ ਪੌਰਾਣਿਕ ਕਾਵਿ, ਬੁੱਧ ਅਤੇ ਜੈਨ ਕਾਵਿ, ਸਿੱਧ ਤੇ ਨਾਥ ਕਾਵਿ, ਵੈਸ਼ਣਵ ਤੇ ਭਗਤੀ ਕਾਵਿ, ਲੋਕਕਾਵਿ) ਵਿਚ ਤੇ ਦੂਜੀ ਵਿਚ ਸਨਾਤਨੀ ਤੇ ਪੂਰਬ ਗੁਰੂ ਕਾਲ ਦੀ ਰਾਗ ਪਰੰਪਰਾ ਦਾ ਜ਼ਿਕਰ ਹੈ। ਜਿਸ ਵਿਚ ਲੋਕ ਰਾਗ, ਰਾਗਾਂ ਤੇ ਆਧਾਰਿਤ ਕਾਵਿ ਪਰੰਪਰਾ, ਗੁਰੂ ਕਾਵਿ ਤੇ ਰਾਗ ਪਰੰਪਰਾ ਬਾਰੇ ਬਹੁਤ ਹੀ ਸੂਖਮ ਜਾਣਕਾਰੀ ਉਪਲਬਧ ਹੈ, ਜਿਸ ਤੋਂ ਲੇਖਕ ਦੀ ਰਾਗਾਂ ਬਾਰੇ ਡੂੰਘੀ ਜਾਣਕਾਰੀ ਦਾ ਬੋਧ ਮਿਲਦਾ ਹੈ। ਗੁਰੂ ਕਵੀਆਂ ਦਾ ਭਾਰਤੀ ਕਾਵਿ ਅਤੇ ਸੰਗੀਤ ਪਰੰਪਰਾ ਦੇ ਪ੍ਰਸੰਗ ਵਿਚ ਅਧਿਐਨ ਕਰਨ ਤੇ ਸਪਸ਼ਟ ਹੁੰਦਾ ਹੈ ਕਿ ਗੁਰੂ ਕਾਵਿ ਵਿਚ ਪੇਸ਼ ਪੁਰਾਤਨ ਭਾਰਤੀ ਕਾਵਿ ਅਤੇ ਲੋਕ ਕਾਵਿਰੂਪ ਵਿਸ਼ੇਸ਼ ਰਾਗਾਂ ਅਤੇ ਧੁਨੀਆਂ ਨਾਲ ਸੰਬੰਧਤ ਹੋਣ ਕਰਕੇ ਪੁਰਾਤਨ ਭਾਰਤੀ ਕਾਵਿ ਪਰੰਪਰਾ ਵਿਚ ਨਵਾਂ ਵਾਧਾ ਕਰਦੇ ਹਨ। ਗੁਰੂ ਕਾਵਿ ਵਿਚ ਪ੍ਰਸਤੁਤ ਰਾਗ ਭਾਵੇਂ ਭਾਰਤੀ ਸਨਾਤਨੀ ਰਾਗ ਪਰੰਪਰਾ ਨਾਲ ਸੰਬੰਧਿਤ ਹਨ, ਪਰ ਉਨ੍ਹਾਂ ਦੇ ਮਿਸ਼ਰਿਤ ਰੂਪਾਂ ਦੀ ਵਰਤੋਂ ਗੁਰੂ ਸਾਹਿਬਾਨ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਰਾਗਾਂ ਨੂੰ ਲੋਕ ਕਾਵਿਰੂਪਾਂ ਦੀਆਂ ਧੁਨੀਆਂ ਅਤੇ ਤਾਲ-ਪ੍ਰਬੰਧ ਅਨੁਸਾਰ ਗਾਉਣਾ ਗੁਰੂ ਸਾਹਿਬਾਨ ਦੀ ਮੌਲਿਕ ਦੇਣ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਬਹੁਤ ਕੁਝ ਪਰੰਪਰਾ ਤੋਂ ਅਪਣਾਇਆ ਤੇ ਪਰੰਪਰਾ ਦਾ ਕਾਫੀ ਕੁਝ ਅਸਵੀਕਾਰ ਵੀ ਕੀਤਾ।

ਦੂਜੇ ਅਧਿਆਇ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਚਰਚਾ ਕੀਤੀ ਗਈ ਹੈ, ਗੁਰੂ ਸਾਹਿਬਾਨ ਦੇ ਨਿਜੀ ਜੀਵਨ ਵਿਚ ਕਾਵਿ ਤੇ ਸੰਗੀਤ ਦਾ ਮਹੱਤਵ, ਸਿੱਖ ਸੰਸਥਾਵਾਂ ਵਿਚ ਕਾਵਿ ਤੇ ਸੰਗੀਤ (ਕੀਰਤਨ) ਦਾ ਮਹੱਤਵ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਤੇ ਸੰਗੀਤ ਦਾ ਉਲੇਖ।

ਸਪਸ਼ਟ ਕੀਤਾ ਹੈ ਕਿ ਗੁਰਬਾਣੀ ਗਾਇਨ ਦੀ ਮਹੱਤਤਾ ਦੇ ਨਾਲ ਨਾਲ ਕੀਰਤਨ ਕਰਨ ਅਤੇ ਸੁਣਨ ਦੀ ਵੀ ਮਹਿਮਾ ਹੈ। ਗੁਰਬਾਣੀ ਗਾਇਨ ਕਿਵੇਂ ਕਰਨਾ ਹੈ- ਇਸ ਬਾਰੇ ਵੀ ਵਿਚਾਰ ਦੱਸੇ ਗਏ ਹਨ। ਰਾਗਾਂ ਦੀ ਵਰਤੋਂ ਬਾਰੇ ਗੁਰੂ ਜੀ ਪੂਰੀ ਤਰ੍ਹਾਂ ਸੁਚੇਤ ਸਨ। ਦਰਬਾਰੀ ਗਾਇਕਾਂ ਦੇ ਰਾਗ ਸਿਰਫ ਸ਼ਿੰਗਾਰ ਰਸੀ ਭਾਵ ਪੈਦਾ ਕਰਕੇ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਦੇ ਸਨ, ਜਦ ਕਿ ਗੁਰਬਾਣੀ ਦੇ ਵਿਭਿੰਨ ਰਾਗਾਂ ਵਿਚ ਉਨ੍ਹਾਂ ਰਾਗਾਂ ਨੂੰ ਭਲਾ ਕਿਹਾ ਗਿਆ ਹੈ, ਜਿਸ ਨਾਲ ਬਾਣੀ ਦਾ ਭਾਵ ਹਿਰਦੇ ਵਿਚ ਵਸ ਜਾਵੇ (ਸਭਨਾ ਰਾਗਾਂ ਵਿਚ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥)

ਤੀਜੇ ਅਧਿਆਇ ਵਿਚ ਗੁਰਬਾਣੀ ਵਿਚ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਅਤੇ ਉਸਦੇ ਸੰਗੀਤ ਨਾਲ ਸੰਬੰਧਿਤ ਹੋਣ ਬਾਰੇ ਚਰਚਾ ਕੀਤੀ ਗਈ ਹੈ, ਜਿਸ ਨੂੰ ਦੋ ਭਾਗਾਂ ਵਿਚ ਵੰਡ ਕੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ:

1. ਗੁਰਬਾਣੀ ਵਿਚ ਕਾਵਿ ਅਨੁਭਵ ਅਤੇ ਪ੍ਰਗਟਾਉ ਦੀ ਵਿਸ਼ੇਸ਼ਤਾ।

2. ਗੁਰਬਾਣੀ ਵਿਚ ਕਾਵਿ ਅਨੁਭਵ ਅਤੇ ਰਾਗ ਦਾ ਸਬੰਧ। ਮਨੁੱਖੀ ਭਾਵ ਪ੍ਰਗਟ ਕਰਨ ਸਮੇਂ ਮਨੁੱਖ ਦਾ ਉਚਾਰਨ ਅਰਥਾਤ ਆਵਾਜ਼ ਦਾ ਉਤਰਾਅ-ਚੜ੍ਹਾਅ ਉਸ ਭਾਵ ਦੇ ਅਨੁਕੂਲ ਹੁੰਦਾ ਹੈ। ਗੁਰੂ ਸਾਹਿਬਾਨ ਦੀ ਬਾਣੀ ਦਾ ਅਧਿਐਨ ਕਰਨ ਸਮੇਂ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਨੇ ਬਾਣੀ ਵਿਚ ਪੇਸ਼ ਵੱਖ-ਵੱਖ ਭਾਵਾਂ ਦੇ ਅਨੁਕੂਲ ਹੀ ਰਾਗਾਂ ਦੀ ਚੋਣ ਕੀਤੀ। ਆਪਣੇ ਅਨੁਭਵ ਦੀਆਂ ਵਿਭਿੰਨ ਵੰਨਗੀਆਂ ਨੂੰ ਪ੍ਰਗਟ ਕਰਨ ਲਈ ਗੁਰੂਆਂ ਨੇ ਵਿਭਿੰਨ ਰਾਗਾਂ ਦੀ ਤਲਾਸ਼ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਮੁੱਖ ਰਾਗ ਦੇ ਨਾਲ ਮਿਸ਼ਰਿਤ ਰਾਗਾਂ ਦਾ ਵੀ ਪ੍ਰਯੋਗ ਮਿਲਦਾ ਹੈ। ਇਕ ਰਾਗ ਅਧੀਨ ਆਈ ਬਾਣੀ ਦੇ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਵੇਖਣ ਲਈ ਉਸ ਵਿਚਲੇ ਭਾਵ, ਕਲਪਨਾ ਆਦਿ ਦਾ ਅਧਿਐਨ ਵੀ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਗੁਰਬਾਣੀ ਦੇ ਕਾਵਿਰੂਪ ਅਤੇ ਸੰਗੀਤ ਦੇ ਸੰਬੰਧਾਂ ਬਾਰੇ ਚਰਚਾ ਹੈ ਕਿ ਗੁਰੂ ਕਾਵਿ ਵਿਚ ਰੂਪ ਵਿਧਾਨ ਅਤੇ ਰਾਗ ਆਪਸ ਵਿਚ ਅੰਤਰ-ਸੰਬੰਧਿਤ ਹਨ। ਕਿਤੇ ਰੂਪ ਨੇ ਰਾਗ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਕਿਤੇ ਰਾਗ ਨੇ ਰੂਪ ਨੂੰ। ਸਾਰੇ ਕਾਵਿਰੂਪਾਂ ਵਿਚ ਪ੍ਰਯੁਕਤ ਛੰਦ ਵਿਧਾਨ ਅਤੇ ਸ਼ਬਦਾਵਲੀ ਦੇ ਪ੍ਰਯੋਗ ਨਾਲ ਜਿੱਥੇ ਸੰਗੀਤ ਪੈਦਾ ਹੁੰਦਾ ਹੈ, ਉਥੇ ਬਾਹਰੋਂ ਨਿਸ਼ਚਿਤ ਕੀਤੇ ਰਾਗ ਅਤੇ ਤਾਲ ਵੀ ਛੰਦ ਅਤੇ ਸ਼ਬਦਾਵਲੀ ਨੂੰ ਨਿਸ਼ਚਿਤ ਕਰਦੇ ਹਨ। ਇਉਂ ਗੁਰੂ ਕਵੀਆਂ ਨੇ ਬਾਣੀ ਦੇ ਰੂਪ ਵਿਧਾਨ ਨਾਲ ਸੰਗੀਤ ਨੂੰ ਸੁਚੇਤ ਤੌਰ ਤੇ ਵੀ ਸੰਬੰਧਿਤ ਕੀਤਾ ਹੈ ਅਤੇ ਰੂਪ ਦੇ ਅਨੁਸਾਰ ਸੰਗੀਤ ਆਪਣੇ ਆਪ ਪੈਦਾ ਹੋ ਗਿਆ ਹੈ।

ਆਖਰੀ ਅਧਿਆਇ ਗੁਰਬਾਣੀ ਵਿਚ ਸੰਚਾਰ-ਪ੍ਰਬੰਧ ਅਤੇ ਸੰਗੀਤ ਦੇ ਸੰਬੰਧਾਂ ਦਾ ਨਿਰੀਖਣ ਕਰਦਾ ਹੈ। ਗੁਰੂਆਂ ਨੇ ਮਨੁੱਖੀ ਜੀਵਨ ਅਤੇ ਭਾਰਤੀ ਸਮਾਜ ਨਾਲ ਸਬੰਧਤ ਵੱਖ ਵੱਖ ਮੌਕਿਆਂ ਲਈ ਕਾਵਿ-ਰਚਨਾ ਕੀਤੀ ਅਤੇ ਗਾਇਨ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਅੱਜ ਭਾਵੇਂ ਸਾਡੇ ਸਮਾਜ ਵਿਚ ਕਈ ਤਰ੍ਹਾਂ ਦੇ ਪਰਿਵਰਤਨ ਵੇਖਣ ਨੂੰ ਮਿਲਦੇ ਹਨ ਪਰ ਫਿਰ ਵੀ ਗੁਰੂ ਘਰ ਦੇ ਸ਼ਰਧਾਲੂ ਹਰ ਤਰ੍ਹਾਂ ਦੀ ਬਿਪਤਾ ਸਮੇਂ/ਖੁਸ਼ੀ/ਗਮੀ ਸਮੇਂ ਗੁਰਬਾਣੀ ਦਾ ਗਾਇਨ ਕਰਦੇ ਹਨ। ਗੁਰੂਆਂ ਨੇ ਗੁਰਬਾਣੀ ਗਾਇਨ ਰਾਹੀਂ ਮਨੁੱਖ ਨੂੰ ਚੰਗਾ ਬਣਨ ਅਤੇ ਚੰਗੀਆਂ ਸਮਾਜਿਕ ਕਦਰਾਂ-ਕ਼ੀਮਤਾਂ ਪੈਦਾ ਕਰਨ ਲਈ ਤਿਆਰ ਕੀਤਾ। ਗੁਰਬਾਣੀ-ਕੀਰਤਨ ਅੱਜ ਵੀ ਸਾਡਾ ਮਾਰਗ ਰੌਸ਼ਨ ਕਰਦਾ ਹੈ ਅਤੇ ਸਾਨੂੰ 'ਸਚਿਆਰੁ' ਬਣਨ ਲਈ ਪ੍ਰੇਰਨਾ ਦਿੰਦਾ ਹੈ।

206 ਪੰਨਿਆਂ ਦੀ ਇਹ ਇਕ ਉਪਯੋਗੀ ਖੋਜ ਪੁਸਤਕ ਹੈ, ਜਿਸਨੂੰ ਵਿਦਵਾਨ ਲੇਖਕ ਨੇ ਬਹੁਤ ਗੰਭੀਰਤਾ ਅਤੇ ਡੂੰਘਾਈ ਨਾਲ ਵਿਉਂਤਬੱਧ ਕੀਤਾ ਹੈ। ਹਰ ਅਧਿਆਇ ਦੇ ਅੰਤ ਵਿਚ ਹਵਾਲ ਤੇ ਟਿੱਪਣੀਆਂ ਅੰਕਿਤ ਹਨ, ਜਿਸ ਤੋਂ ਸਪਸ਼ਟ ਹੈ ਕਿ ਲੇਖਕ ਨੇ ਆਪਣੇ ਅਧਿਐਨ/ਕਥਨ ਦੀ ਪੁਸ਼ਟੀ ਹਿੱਤ ਹੋਰਨਾਂ ਲੇਖਕਾਂ/ਪੁਸਤਕਾਂ ਨੂੰ ਕਿੰਨੀ ਨੀਝ ਨਾਲ ਵਾਚਿਆ ਹੈ। ਇਉਂ ਇਹ ਪੁਸਤਕ ਗੁਰਬਾਣੀ ਦੇ ਅਧਿਏਤਾਵਾਂ ਅਤੇ ਕੀਰਤਨੀਆਂ ਲਈ ਕਾਫੀ ਮਹੱਤਵਪੂਰਨ ਹੈ। ਨਿੱਕੀਆਂ-ਮੋਟੀਆਂ ਪਰੂਫ ਰੀਡਿੰਗ ਦੀਆਂ ਗਲਤੀਆਂ ਦੇ ਬਾਵਜੂਦ ਇਹ ਪੁਸਤਕ ਆਪਣੇ ਜਿਸ ਉਦੇਸ਼ ਨੂੰ ਪ੍ਰਸਤੁਤ ਕਰਨਾ ਚਾਹੁੰਦੀ ਹੈ, ਉਸ ਵਿਚ ਪੂਰੀ ਤਰ੍ਹਾਂ ਕਾਮਯਾਬ ਕਹੀ ਜਾ ਸਕਦੀ ਹੈ। ਪੰਜਾਬੀ ਪਬਲੀਕੇਸ਼ਨ ਪਟਿਆਲਾ ਦੇ ਮਾਲਕ ਸ. ਅਜੀਤ ਸਿੰਘ (ਜਿਨ੍ਹਾਂ ਦਾ ਬੀਤੇ ਦੀਨੀਂ11 ਮਾਰਚ ਨੂੰ ਦਿਹਾਂਤ ਹੋ ਗਿਆ ਹੈ) ਨੇ ਪੁਸਤਕ ਨੂੰ ਬੜੀ ਰੀਝ ਨਾਲ ਪ੍ਰਕਾਸ਼ਿਤ ਕੀਤਾ ਹੈ। ਅਜਿਹੀ ਉਪਯੋਗੀ ਕ੍ਰਿਤ ਲਈ ਲੇਖਕ ਤੇ ਪ੍ਰਕਾਸ਼ਕ ਦੋਵੇਂ ਮੁਬਾਰਕ ਦੇ ਹੱਕਦਾਰ ਹਨ।

## MY GURU, MY MOST INTIMATE FRIEND

Bhagwant Singh Dilawari : Tapovan, Amravat 444 602 (Maharastra)

To my own utter disbelief, and horror, I discovered at the age of 40 in 1970 that I had lived my life, in terms of Guru Granth Sahib's declarations, as an animal, because I knew nothing of *Naam*, the Guru's panacea not only for all ills but also an effective *Mantra* for human and humane living. Since I did not know anything-and never cared to know anything- I had no idea that Guru Granth Sahib, my most effective guide and friend had declared that anyone who lived, ate and dressed or indulged in all kinds of activities of the world or relished the pleasures of the senses without *Naam* in the heart, was a dog, a dead body subject to perpetual diseased state and devoid of comfort and peace. Until fell victim to depression in 1968 and became a mental wreck, I had enjoyed worldly luxurious life in various foreign countries as a member of our Foreign Service. I had never thought that our Guru could be so categorical both in warning his disciples of man's degeneration without *Naam* and in redeeming the fallen disciples at once if they listen to and acted on Guru's dictates. Let us savour the gems from Guru Granth Sahib:

Warnings:

***Naam bina jo pehre khaye***
***jion kookar joothan mein paye***

(One who eats and dresses without *Naam* in the heart is like a dog eating leftovers)

***Naam bina jeta beohar***
***jion mirtak mithia sigaar***

(Whatever you do without *Naam* in the heart would be like putting makeup on a dead body)

***Naam visar kare ras bhog***
***sukh supne nahin tan mein rog***

(Anyone living a life indulgence and relishing the juicy delicacies without *Naam* in the heart would not find peace even in dream and contact disease)

(GGS, M.5, p-240)

My two-year depression vanished with one stroke of Guru's piercing words at Bangla Sahib Gurdwara on 10th October, 1970 around midnight and that stroke was of the following verse sung by Bhai Mohinder Singh, SDO, a great Kirtania:

***Je toun mittar asadara***
***hik bhori na vichchor***
***jio mehenja tau moheya***
***kad passi jani tohe***

(If you are my Friend, Lord, do not forsake me even for one instant. My heart is enthralled by your love; o my beloved, when shall I meet you?)

(GGS, M.5, p-1376)

Why I Now call my Guru, my most intimate friend and my most effective

redeemer is because of the following reasons:

1. Not only did my heart melt to hear the above verse, but it also introduced in the manner of ***Mere mann prem lago har teer*** (GGS, M.5, p-861), a loving devotion.

2. Not only did this verse erase my depression lock, stock and barrel but also established the permanent friendship between my Master Guru and myself, the slave disciple.

3. Not only did my Guru fulfill the promise of never abandoning me even for an instant but also encouraged me to annihilate myself to develop more intense love.

4. Not only did my Guru bring me out of the state of inertia but He also began to use me as an instrument of His love for humanity and service and as an example of His immense compassion for all human beings without discrimination of caste, creed, religion or sex.

5. Not only did He effectively show me internally and externally that He is my only friend but also the most intimate friend and the most sincere lover.

Perhaps I could never articulate my feelings for my Guru, but the relationship that He - not I, for I am too lowly to dream of friendship with the Almighty - has established through Guru Granth Sahib's messages is indelible, invisible and yet concrete, and the method of knowing Him, embracing Him, loving Him, is also unambiguously stressed. The all - embracing quality of our *Shabad-Guru* is that, to me, He shows Himself - not through my eyes, but through my heart - every instant by my side through *Shabad-vichar.* Let me talk of His *Darshan*.

For me, Guru Granth Sahib is not just a holy book to be venerated, covered with fineries and provided quilts in winter and AC in summer or bedecked with flowers and lights. In fact as I write this I am reminded of a *Bhajan* that a blind leprosy patient sings when I have sessions with old and terminal patients every evening:

***Ajab hairan houn bhagwan***
***tumein kaise rijahoun mein***
***Koi vastu nahin aisi***
***jise seva mein laoun mein***
***Tumhi murti mein ho vyapak***
***tumhi phoolon mein vyapak***
***Bhala bhagwan ke oopar***
***bhagwan ko kaise charhaoun mein***
***Teri soorat se lajaate hain***
***chand aur taare***
***Mahan andher ho jahan***
***vahan deepak jalaoun mein***
***Kaisi sharam aati hai***
***tumkau bhog lagana***
***Sab jag kau tum khilaate ho***
***tumhen kyoukar khilaoun mein***
***Na bhuja hai na aankhen***
***na seena na peshani***
***Tumho nirlep narayan***
***kahan chandan lagaoun mein***

(I am perplexed, my Lord, how shall I please You? There is nothing in the

world which I can put to use to gain your approval. You exist in the idol and you exist also in flowers. How can my Lord, place Bhagwan on Bhagwan? The light that you throw in the world by your countenance puts to shame even the moon and the stars. Then why not place lamps at a place where there is darkness? When I try to feed you through *Bhog Lagana*, I feel ashamed. When you feed the whole world, how can I offer food to you? In my case, you have neither hands, nor eyes, nor chest nor forehead. You are *Nirankar* with no form and you remain immersed in the world and yet so aloof. Where can I then put *Chandan* - mark?)

When Guru Gobind Singh declared Guru Granth Sahib as our perpetual Guru it was clear that *Jyoti* - the light that came from the first Guru to the second and so on will perpetually shine in Guru Granth Sahib - will be our Guru and the *Jyoti* will be understood and seen through *Shabad - Vichar*. But by foolishly treating Guru Granth Sahib as an idol for only external veneration, we do not reap the grace and the assurance that our Guru showers. The methods to recognise the Lord are detailed in Guru Granth Sahib and once we listen to and act on the dictates of the Master, we automatically are blessed by his friendship and are permanently redeemed. Savour these verses:

***Sajanara mera sajanara niket***
***khaloya mera sajanara***
***.....Kaho Nanak Gur bin nahin soojhe***
***har sajan sab ke nikat kharra.***

(Friend, my friend is always standing by my side....of course without acting on Guru's advice, it cannot strike to us that our friend God is always standing by everyone's side.) (GGS, M.5, p-924)

***Sadd hee nere door na jano***
***Gurke sabad najeek pachchano***

(He is always near you and you can recognise Him through Guru's *Shabad*.)

***Nanak namen sab hariavali***
***Gurke sabad vichar***

(Says Nanak: Through NAAM everything begins to bloom by meditating on the Guru's Shabad.)

(GGS, M.3, p-1285)

***Jinan andar naam nidhan***
***hai gurbani vichar***
***tinke mukh sadd ujjale***
***tit sache durbar***. (GGS, M.4, p-2422)

Those who have the treasures of *Naam* in their hearts have amassed these valuables through meditation on Gurbani. In other words, our Gurus have emphasised that the presence of the Lord within and without can be witnessed through the meditation on Guru's word. It is, therefore, imperative that to fall in love with the Lord and then submit everything to Him and become a non- entity through self- surrender, one has to know that He is our most intimate friend and guide. Look at the following Gurbani messages:

***Satgur mittar mera bal sakhai***

(Satguru is my friend since my childhood) (GGS, M.4, p-94)

***Mein tujh bin beli ko nahin***
***toun antt sakhai***

(Except you I have no friend at all and You alone are my succour until the end of my life) (GGS, M.3, p-792)

***Jinan disandarian durmat vanjhe***
***mittar asadare seyi***

(On seeing whom our unwise inclinations vanish, they are our real friends.) (GGS, M.5, p-526)

We had heard that 'Friend in need is a friend indeed', but I had never thought that Guru Granth Sahib could provide such a shining example of this friendship. I have often stated and written that ever since the Guru showed me his grace on 10th October, 1970 (and became my Friend through ***Je tu mittar asadra hik bhori na vicharo***), He has not let me down. On the contrary, whether I asked for His help or not, it was available just as one's father or mother would not wait for his child to demand help. The moment a parent finds that his child is in distress and needs help, he helps unconditionally. But the worldly parent has his limitations. My perfect Guru, in all His perfection of knowledge, capacity and willingness, is always protecting me,as a friend:

***Aukhi ghari na dekhan dei***
***apna bird samale***
***Haath deh raakhe apne kau***
***saas saas pritpaale***
***Prabh sio laag reho mera cheet***
***Aad ant prabh sada sahai***
***dhan hamara meet - Rahao***
***Mann bilaas bhaye sahib ke***
***achraj dekh badai***
***Har simar simar anand kar Nanak***
***prabh pooran paij rakhai***

(He never lets me fall into difficult times because of His own gracious nature. Considering me His own, He protects me with His own hands and brings me up every instant. I am now in total love with my Lord. Glory to my friend, He helps me always from beginning till the end. I am bliss in communion with Him; He has saved my honour fully.) (GGS, M.5, p-682)

The experienced truth of this *Shabad* overwhelms me. Indeed I have always believed in the effective friend ship of the Lord because of the assurance of *Gurbani*, but knowing that by just listening to and trying to live the commands of the Master, I often wonder how I have never seen *Dukh* in these 34 years. And quickly, my wonder evaporates when I meditate on the above *Shabad*. Hasn't my friend assured me that He remains my friend from beginning till the end? Of course, I never knew any *Gurbani* before 1970 and knew nothing what the Guru has said in Guru Granth Sahib, but for the last thirty four years I have really not faced any difficult time except when I delibrately ignored the commands of my Guru. I feel He is protecting me day in and day out and I live in His presence all the time. I love to remember, in my own interest, that He is my perfect Master and am amazed

in ecstasy on watching Him looking after my minutest needs.

But then why should anyone be surprised? Look at the assurances our Guru has bestowed on us. As I have said before, our parents are not all-powerful but whatever they can do, they do for us, but my father, my friend, is all- powerful and all-merciful. Look at the effectiveness of His friendship when He protects me like a parent:

***Tum maat pita ham barak tere***
***Tumri kirpa mein sukh ghanere***
(Sukhmani Sahib)

(You are my mother, my father and I am Your child; I have innumerable comforts because of Your grace).

Guru Gobind Singh himself talks of the Lord as his friend in his following *Shabad*:

***Mittar pyare nou hall***
***murida da kehna***
***...Yarare da sanu sathar changa***
***Bhath kherian da rehna***

(Relate the tale of His disciple to my Friend, Beloved God. ....Even the utmost sadness and adversity sent by Friend Lord is better than living in prosperity without Him.)

It is said that the tenth Guru addressed this message when he was in apparent loneliness having lost his mother and four sons and many followers. The strength of the Guru's words in having complete confidence in his Friend Lord reinforces my belief that the slavery of Guru Granth Sahib is the greatest liberation on Earth. And Guru Gobind Singh bequeathed to us this treasure which we venerate externally as sacred scripture but never wish to live the dictates of our Masters.

This attempt to portray the most effective friendship of the Lord through Guru Granth Sahib's protection is to appeal to the Sikhs to shun merely external exhibition of devotion by constructing majestic mansions as Gurdwaras, by ostentatious display of fineries on Guru Granth Sahib and parading our piety devoid of external purity. Let us live the Guru's Word and then witness in our life, the wonders of the sweetness of Guru's protection as a valuable Friend. Let us conclude this piece with Guru Arjan's following verses from the *Shabad: Je bhuli je chuki sain...* (GGS, p-761)

***Sajan toun hain sain tou***
***mein tujh oopar baho manian***
***Jan taou andar tan sukhe***
***toun nimaani manian***

(You are my Friend, You are my relation, I am very proud of You. When You reside within myself, I am in peace feeling the pride of the prideless.)

Once we begin to live the dictates of our Master and treat Guru Granth Sahib as our perfect Guru, internally aligned to his directions, we shall find ourselves in perfect peace, always protected by our most intimate friend, our most effective redeemer. May God give us this wisdom to live the Master's commands in day-to-day life.

# ENJOY THE ECSTASY AND CALMNESS OF *RAGAS*

**Shuchita Mehta and Ankit Bishnoi:** Courtesy 'Times of India'

City Beautiful attracts hordes of people not only for scenic beauty but also for spiritual music. The phenomenal response to Gurmat Sangeet Academy, Chandigarh, which teaches Gurbani in Guru Granth Sahib's traditional ragas without charging any fees, is the testimony to this fact.

The institute has spread its wings in other countries by organising camps in Kenya and U.K. "There are devotees who come from Italy, Germany and other parts of world to learn ragas. Our sangat comprises not only of Sikh religion, but also of more than 300 Hindu, Christian and Muslims members,"says Gurvinder Singh, Manager, Gurmat Sangeet Academy. They are searching for a bigger place so as to provide hostel facilities for students who flock to Chandigarh from outside.

Peaceful environment and solace persuades people to throng the place. Sharanjit Kaur, who has been coming here since last two years, discloses,"Five members of my family regularly come here to enjoy the ecstasy, and calmness. Moreover, it's the best way to survive in this pressure-filled world."

The academy that has already released Gurbani cassettes and CDs, is likely to launch a film -*'Shaheed Bhai Taroo Singh'* in a month's time. The movie has been directed by Balwinder Singh Rangila, the chairman of the academy.

On asking how this idea germinated, Gurvinder Singh replies, "Motivating people to move in accordance with the ragas of Guru Granth Sahib's Gurbani, is our mission."

The academy, which aspires to show the right path and to boost the Gurmat thought to the diverted ones, came into existence in October 2000. The academy was formed by three brothers Balwinder Singh, Bhupinder Singh and Surinder Singh Rangila. The monthly expenditure comes around to be Rs 1.50 lakh. This money is generated from the donations of the devotees. The duration of the course is two years, at the end of which one has to appear for a theory and practical test to get a certificate from the academy. The course trains an aspiring candidate in harmonium, sitar, tabla, dilruba and santhyaa, where they teach the proper pronunciation and articulation of words and meaning of Gurbani.

Till today around 3,600 stundents have been associated with the institute. There are learners from a three and a half year old to 70-year-old, who become skilled at sangeet in prescribed ragas.

"Music is my passion and I have been coming here since last seven

months," reveals Simranjit Kaur, a six-year-old girl, who comes from Kharar. Meenakashi, her teacher adds,"She is a regular stundent, and takes keen interest in learning Gurbani and playing instruments."

Air-conditioned rooms, spic and span classrooms, peaceful and serene environment, what else can be a better place to learn Gurbani? Duration of the class is half-an-hour a day. conducted from Monday to Thursday. Jabar Jang Singh, the tabla teacher at the academy says, "Students who pursue music as their hobby or subject, or who want to take it as a profession, love to come here. Besides, some married women utilize their time here in music."

# ਸੁਰ ਲਿਪੀ

ਡਾ. ਜਾਗੀਰ ਸਿੰਘ : 422, ਸੈਕਟਰ 15-ਏ, ਚੰਡੀਗੜ੍ਹ

*ਰਾਗੁ ਸੂਹੀ*

**ਵਾਦੀ ਸੰਵਾਦੀ:** ਪੰਚਮ-ਸ਼ੜਜ **ਥਾਟ:** ਬਿਲਾਵਲ **ਸਮਾਂ:** ਦਿਨ ਦਾ ਦੂਜਾ ਪਹਿਰ **ਜਾਤੀ:** ਸੰਪੂਰਨ

**ਆਰੋਹ:** ਸ ਰੇ ਗ ਮ ਪ, ਨੀ ਧ ਨੀ ਸੰ। **ਅਵਰੋਹ:** ਸੰ ਨ਼ੀ ਧ ਪ, ਮ ਗ, ਰੇ ਗ ਰੇ ਸ।

**ਮੁਖ ਅੰਗ:** ਸੰ ਨ਼ੀ ਪ, ਮ ਗ ਰੇ ਗ, ਮ ਗ ਰੇ ਸ।

**ਦਾਦਰਾ ਤਾਲ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| x | | | 0 | | | x | | | 0 | | |
| **ਸਥਾਈ** | | | | | | ਗ | ਮ | ਗਰੇ | ਗਮ | ਪ | ਪ |
| | | | | | | *ਤੈ* | *ऽ* | *ਸਾऽ* | *ਹਿਬ* | *ਕੀ* | *ਮੈ* |
| ਗ | ਮ | ਨ਼ੀਧ | ਪ | – | ਪ | ਨ਼ੀਧ | ਪ | ਪ | ਪਮ | ਗ | – |
| *ਸਾ* | *ਰ* | *ਨऽ* | *ਜਾ* | *ऽ* | *ਨੀ* | *ਜੋऽ* | *ਬ* | *ਨੁ* | *ਖੋऽ* | *ਇ* | *ऽ* |
| ਮਗ | ਰੇ | ਰੇਗ | ਰੇ | ਸ | – | | | | | | |
| *ਪਾऽ* | *ਛੈ* | *ਪਛੁ* | *ਤਾ* | *ਨੀ* | *ऽ* | | | | | | |
| **ਅੰਤਰਾ** | | | | | | ਪਪ | ਨੀਧ | ਨੀ | ਸੰਸੰ | ਸੰ | ਸੰ |
| | | | | | | *ਤਪਿ* | *ਤऽ* | *ਪਿ* | *ਲੁਹਿ* | *ਲੁ* | *ਹਿ* |
| ਸੰ | ਰੇਂ | ਗੰ | ਰੇਂ | ਸੰ | – | ਸੰ | ਸੰ | ਸੰ | ਨ਼ੀ | ਧ | ਪ |
| *ਹਾ* | *ਥ* | *ਮ* | *ਰੋ* | *ਰਉ* | *ऽ* | *ਬਾ* | *ਵ* | *ਲਿ* | *ਹੋ* | *ਈ* | *ऽ* |
| ਪ | ਮ | ਗ | ਰੇਗ | ਰੇ | ਸ | ਪ | ਨੀਧ | ਨੀ | ਸੰਸੰ | ਸੰ | ਸੰ |
| *ਸੋ* | *ਸ* | *ਹੁ* | *ਲੋਂऽ* | *ਰਉ* | *ऽ* | *ਤੈ* | *ऽ* | *ਸਹਿ* | *ਮਨ* | *ਮ* | *ਹਿ* |
| ਸੰ | ਰੇਂ | ਗੰ | ਰੇਂ | ਸੰ | – | ਸੰਸੰ | ਸੰ | ਸੰ | ਨ਼ੀਨ਼ੀ | ਧ | ਪ |
| *ਕੀ* | *ਆ* | *ऽ* | *ਰੋ* | *ਸੁ* | *ऽ* | *ਮੁਝੁ* | *ਅ* | *ਵ* | *ਗਨ* | *ਸ* | *ਹ* |
| ਪ | ਮ | ਗ | ਰੇਗ | ਰੇ | ਸ | | | | | | |
| *ਨਾ* | *ਹੀ* | *ऽ* | *ਦੋਂऽ* | *ਸੁ* | *ऽ* | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਰਾਗ ਸੂਹੀ ਬਾਣੀ ਸੇਖ ਫਰੀਦ ਜੀ ਕੀ ॥** | **Rag Suhi Hymns of Reverend Sheikh Farid** | **ਰਾਗੁ ਸੂਹੀ ਸ਼ਬਦ ਪੂਜਨੀਕ ਸ਼ੇਖ਼ ਫ਼ਰੀਦ** |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਤਪਿ ਤਪਿ ਲੁਹਿ ਲੁਹਿ ਹਾਥ | Ceaselessly burning and | ਲਗਾਤਾਰ ਸੜਦੀ ਤੇ ਮਚਦੀ ਹੋਈ, ਮੈਂ |

| | | |
|---|---|---|
| ਮਰੋਰਉ ॥ | inflaming I wring my hands. | ਆਪਣੇ ਹਥ ਮਰੋੜਦੀ ਹਾਂ। |
| ਬਾਵਲਿ ਹੋਈ ਸੋ ਸਹੁ ਲੋਰਉ ॥ | Seeking out that spouse of mine I am gone crazy. | ਉਸ ਆਪਣੇ ਕੰਤ ਨੂੰ ਭਾਲਦੀ ਹੋਈ ਮੈਂ ਕਮਲੀ ਹੋ ਗਈ ਹਾਂ। |
| ਤੈ ਸਹਿ ਮਨ ਮਹਿ ਕੀਆ ਰੋਸੁ ॥ | Thou, O spouse art angry with me in Thy mind. | ਤੂੰ, ਹੇ ਕੰਤ! ਆਪਣੇ ਚਿੱਤ ਵਿਚ ਮੇਰੇ ਨਾਲ ਗੁੱਸੇ ਹੈਂ। |
| ਮੁਝੁ ਅਵਗਨ ਸਹ ਨਾਹੀ ਦੋਸੁ ॥੧॥ | In me are demerits. The fault lies not with my spouse. | ਮੇਰੇ ਵਿਚ ਬਦੀਆਂ ਹਨ। ਮੇਰੇ ਕੰਤ ਦਾ ਕੋਈ ਕਸੂਰ ਨਹੀਂ। |
| ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ | My Lord, I know not Thy worth. | ਮੇਰੇ ਸੁਆਮੀ ਮੈਂ ਤੇਰੀ ਕਦਰ ਨਹੀਂ ਜਾਣਦੀ। |
| ਜੋਬਨੁ ਖੋਇ ਪਾਛੈ ਪਛੁਤਾਨੀ ॥੧॥ | Losing my youth, I repent afterwards. | ਆਪਣੀ ਜੁਆਨੀ ਗੁਆ ਕੇ ਮੈਂ ਮਗਰੋਂ ਪਸਚਾਤਾਪ ਕਰਦੀ ਹਾਂ। |
| ਰਹਾਉ ॥ | Pause. | ਠਹਿਰਾਉ। |
| ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ | O black cuckoo, what qualities have rendered thee black? | ਹੇ ਸਿਆਹ ਕੋਕਲੇ! ਕਿਹੜਿਆਂ ਲਛਣਾਂ ਨੇ ਤੈਨੂੰ ਸਿਆਹ ਕਰ ਦਿੱਤਾ ਹੈ। |
| ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ | I have been burnt by separation from my Beloved. | ਮੈਨੂੰ ਮੇਰੇ ਪਿਆਰੇ ਦੇ ਵਿਛੋੜੇ ਨੇ ਸਾੜ ਸੁੱਟਿਆ ਹੈ। |
| ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ | Without her Groom, how can she over obtain peace? | ਆਪਣੇ ਭਰਤੇ ਦੇ ਬਿਨਾ, ਉਹ ਕਦੇ ਕਿਸ ਤਰ੍ਹਾਂ ਆਰਾਮ ਪਾ ਸਕਦੀ ਹੈ? |
| ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥ | When the Lord becomes merciful, then He unites me with Himself. | ਜਦ ਸਾਹਿਬ ਮਿਹਰਬਾਨ ਹੋ ਜਾਂਦਾ ਹੈ ਤਦ ਉਹ ਮੈਨੂੰ ਆਪਣੇ ਨਾਲ ਮਿਲਾ ਲੈਂਦਾ ਹੈ। |
| ਵਿਧਣ ਖੂਹੀ ਮੁੰਧ ਇਕੇਲੀ ॥ | The lonesome bride writhes in the world well. | ਸੰਸਾਰ ਦੇ ਖੂਹ ਵਿਚ ਕੱਲਮਕੱਲੀ ਪਤਨੀ ਦੁਖ ਭੋਗ ਰਹੀ ਹੈ। |
| ਨਾ ਕੋ ਸਾਥੀ ਨਾ ਕੋ ਬੇਲੀ ॥ | She has neither a mate, nor a friend. | ਉਸ ਦੀ ਨਾ ਕੋਈ ਸਾਥਣ ਹੈ, ਨਾ ਹੀ ਸੱਜਣੀ। |
| ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥ | In His mercy the Lord has united me with society of the saints. | ਆਪਣੀ ਮਿਹਰ ਧਾਰ ਕੇ, ਸੁਆਮੀ ਨੇ ਮੈਨੂੰ ਸਤਿ ਸੰਗਤਾਂ ਨਾਲ ਮਿਲਾ ਦਿੱਤਾ ਹੈ। |
| ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ | When I look again, then I find God as my Helper. | ਜਦ ਮੈਂ ਮੁੜ ਕੇ ਵੇਖਦਾ ਹਾਂ, ਤਦ ਮੈਂ ਵਾਹਿਗੁਰੂ ਨੂੰ ਆਪਣਾ ਮਦਦਗਾਰ ਪਾਉਂਦਾ ਹਾਂ। |
| ਵਾਟ ਹਮਾਰੀ ਖਰੀ ਉਡੀਣੀ ॥ | Very saddening is the path, that I am to tread. | ਬੜਾ ਉਦਾਸ ਕਰਨ ਵਾਲਾ ਹੈ ਮਾਰਗ, ਜਿਸ ਤੇ ਮੈਂ ਟੁਰਨਾ ਹੈ। |
| ਖੰਨਿਅਹੁ ਤਿਖੀ ਬਹੁਤੁ ਪਿਈਣੀ ॥ | It is sharper than the two-edged sword, and exceedingly narrow. | ਇਹ ਖੰਡੇ ਨਾਲੋਂ ਤੇਜ਼ ਹੈ ਅਤੇ ਨਿਹਾਇਤ ਹੀ ਤੰਗ ਹੈ। |
| ਉਸੁ ਊਪਰਿ ਹੈ ਮਾਰਗੁ ਮੇਰਾ ॥ | On that lies my path. | ਉਸ ਦੇ ਉਪਰ ਹੈ ਮੇਰਾ ਰਸਤਾ। |
| ਸੇਖ ਫਰੀਦਾ ਪੰਥੁ ਸਮਾਰਿ ਸਵੇਰਾ ॥੪॥੧॥ | O Sheikh Farid, think of that path as early as possible. | ਹੇ ਸ਼ੇਖ਼ ਫਰੀਦ! ਜਿੰਨੀ ਛੇਤੀ ਹੋ ਸਕੇ ਤੂੰ ਉਸ ਰਸਤੇ ਦਾ ਖਿਆਲ ਕਰ। |

# ਸੰਗੀਤ ਲਿਪੀ ਚਿੰਨ੍ਹ

ਪ — ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

ਧੁ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ।

ਮੰ — ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

ਪ਼/ਧ਼ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

ਸੰ/ਪੰ — ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

ਪ – — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

ਸ਼ਾਂ ऽ — ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਂਨੀਆਂ ਮਾਤਰਾਂ ਤਕ ਗਾਉਂਣਾ ਹੈ।

ਧਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

ਮ ਪ — ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

**X O 1 2 3 X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**

